[illegible] [illegible] ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਮਈ-ਜੂਨ 1972

## ਦਮਦਮਾ ਅਸਥਾਨ



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਮਨਸੂਰਾਂ (ਲੁਧਿਆਣਾ)

# ਲੇਖ-ਸੂਚੀ


| | | | |
|---|---|---|---|
| 1. | ਸੰਪਾਦਕੀ | | 2 |
| 2. | ਬੇਦੀ ਵੰਸ਼ ਦਾ ਗੁਰਮਤਿ ਪ੍ਰਚਾਰ | ਗਿਆਨੀ ਗੋਪਾਲ ਸਿੰਘ ਮਿਤਰ | 3 |
| 3. | ਕਾਵਿ-ਫੁਲ | ਸ. ਬਲਵੰਤ ਸਿੰਘ 'ਨੂਰ' | 4 |
| 4. | ਜਨਮ ਸਾਖੀ | ਸੰਪਾਦਕ : ਪ੍ਰੋ. ਕਿਰਪਾਲ ਸਿੰਘ | 5 |
| 5. | ਦੇਗਾਂ ਵਿਚ ਤਾੜੀ ਲਾਈ ਏ | ਸ. ਜਸਵੰਤ ਸਿੰਘ ਮੁਨਸ਼ੀ | 9 |
| 6. | ਅਜੂਨੀ ਬਾਰੇ | ਗਿ. ਗੋਪਾਲ ਸਿੰਘ ਮਿਤਰ | 11 |
| 7. | ਗੁਰੂ ਨਾਨਕ ਗੁਨ ਗਾਵਉ | | 12 |
| 8. | ਬਾਬਾ ਸਾਹਿਬ ਸਿੰਘ ਜੀ ਬੇਦੀ | ਗਿ. ਦਇਆ ਸਿੰਘ ਦਿਲਬਰ | 16 |
| 9. | ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ | ਸੰਪਾਦਕ : ਡਾ. ਗੰਡਾ ਸਿੰਘ | 18 |
| 10. | ਮਹਾਨ ਤਪੱਸਵੀ ਬਾਬਾ ਸਾਹਿਬ ਸਿੰਘ ਜੀ ਬੇਦੀ | ਸ: ਰਾਮ ਨਰਾਇਣ ਸਿੰਘ ਦਰਦੀ | 21 |
| 11. | ਖਾਲਸਾ ਧਰਮ ਸ਼ਾਸਤਰ | | 23 |
| 12. | ਦੇਹਿ ਸਿਵਾ ਬਰ ਮੋਹਿ ਇਹੈ...... | ਸ. ਬਲਦੇਵ ਸਿੰਘ | 26 |
| 13. | ਊਨਾ ਸਾਹਿਬ ਵਿਖੇ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਕੌਤਕ | ਸ. ਹਜ਼ਾਰਾ ਸਿੰਘ ਬੈਰਾਗੀ | 30 |
| 14. | ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ | | 32 |
| 15. | ਸੰਪ੍ਰਦਾਇਕ ਸਮਾਚਾਰ | | 36 |
| 16. | ਚੋਜੀ ਨਾਨਕ | ਗਿ. ਦਇਆ ਸਿੰਘ ਦਿਲਬਰ | 40 |



ਚੰਦਾ ਦੇਸ : 6-00 ਰੁਪਏ

ਪ੍ਰਦੇਸ : 12-00 ਰੁਪਏ

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਮਨਸੂਰਾਂ (ਲੁਧਿਆਣਾ) ਨੇ (ਪੰਜਾਬੀ ਸਾਹਿਤ) ਅਕਾਡਮੀ ਪ੍ਰੈਸ, ਪੰਜਾਬੀ ਭਵਨ ਲੁਧਿਆਣਾ ਤੋਂ ਛਪਵਾ ਕੇ, ਦਫ਼ਤਰ 'ਅਜੂਨੀ' ਨਗਰ ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ ।

੧ੴ


ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ
ਸਰਪ੍ਰਸਤੀ ਹੇਠ ਛਪਣ ਵਾਲਾ


ਮਾਸਕ ਪੱਤਰ

# ਅਜੂਨੀ

ਮਨਸੂਰਾਂ (ਲੁਧਿਆਣਾ)


ਸਾਲ ੩ | ਮਈ-ਜੂਨ, ੧੯੭੨ | ਅੰਕ ੧੨

੧ ਹਾੜ, ਸੰਮਤ ਬਿਕ੍ਰਮੀ ੨੦੨੯, ਨਾਨਕਸ਼ਾਹੀ ੫੦੩


ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗ ਜੀਵਨ ਪੁਰਖੁ ਤਿਆਗਿਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

# ਸੰਪਾਦਕੀ

ਪਿਛਲੇ ਅਜੂਨੀ ਜਾਰੀ ਹੋਣ ਤੋਂ ਅਜ ਤਕ ਕੁਝ ਬੜੇ ਸ਼ੁਭ ਦਿਹਾੜੇ ਬੀਤੇ ਹਨ । ਪਹਿਲਾਂ ਗੁਰ ਪੁਰਬ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਦ ਉਨ੍ਹਾ ਸਾਹਿਬ 146 ਅਖੰਡ ਪਾਠਾਂ ਦੀ ਬੜੀ ਧੂਮ ਧਾਮ ਨਾਲ ਸਮਾਪਤੀ ਹੋਈ, ਹਜ਼ਾਰਾਂ ਪ੍ਰਾਣੀਆਂ ਦੇ ਗੁਰਬਾਣੀ ਨਾਲ ਮਨ ਧੋਤੇ ਗਏ । ਸੰਗਤਾਂ ਗੁਰ ਚਰਨਾਂ ਵਾਲੀਆਂ ਬਣੀਆਂ, ਉਪ੍ਰੰਤ ਵਿਸਾਖੀ ਦਾ ਦਿਹਾੜਾ ਜਿਸ ਦਿਨ ਖਾਲਸੇ ਨੂੰ ਖਾਸ ਰੂਪ ਪ੍ਰਾਪਤ ਹੋਇਆ, ਅਣਖ ਵਾਲਾ, ਜੋਧਾ, ਬਲਵਾਨ ਬਣਿਆ । ਇਹੋ ਪਵਿਤ੍ਰ ਦਿਹਾੜਾ ਸੀ, ਜਿਸ ਦਿਨ "ਤਿਨ ਬੇਦੀਅਨ ਕੀ ਕੁਲ ਵਿਖੇ ਪ੍ਰਗਟਿਓ ਗੁਰੂ ਨਾਨਕ ਰਾਏ" ਇਸ ਕੁਲ ਦੇ ਚਮਕਦੇ ਸਿਤਾਰੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੂੰ ਸਾਰੀ ਬੇਦੀ ਕੁਲ ਤੇ ਸੰਗਤਾ ਨੇ ਡੇਰਾ ਬਾਬਾ ਨਾਨਕ ਇਕੱਠੇ ਹੋ ਕੇ ਆਪ ਨੂੰ ਗੱਦੀ ਤੇ ਬਿਰਾਜਮਾਨ ਕਰ ਸਿਜਦਾ ਕੀਤਾ ਤੇ ਜਿਸ ਦਿਹਾੜੇ ਤੋਂ ਇਹ ਗੁਰਗੱਦੀ, ਪਹਿਲੀ ਪਾਤਸ਼ਾਹੀ ਤੋਂ ਦਸਵੀਂ ਜੋਤ ਤਕ ਦਰਸਾਇਆ ਰਾਹ ਸੰਗਤਾ ਨੂੰ ਦਰਸਾਂਦੀ ਚਲੀ ਗਈ । ਇਸ ਰਾਹ ਨੂੰ ਦਰਸਾਣ ਦੀ ਜ਼ਿਮੇਵਾਰੀ ਮੋਢਿਆਂ ਤੇ ਆ ਗਈ, ਇਹ ਤਾਂ ਸੋਨੇ ਤੇ ਸੁਹਾਗਾ ਸੀ । ਇਕ ਗੁਰੂ ਨਾਨਕ ਪਾਤਸ਼ਾਹ ਦੀ ਅੰਸ਼ ਬੰਸ ਤੇ ਫੇਰ ਜ਼ਿਮੇਵਾਰੀ ਕੁਲ ਬੰਸ ਤੇ ਸੰਗਤਾਂ ਦੀ ਬਖਸ਼ੀ ਹੋਈ ਆਪ ਸ੍ਰੀ ਹਜ਼ੂਰ ਨੇ ਖੂਬ ਨਿਬਾਹੀ । ਸੰਗਤਾਂ ਨੂੰ ਇਕਾਗਰ ਕਰ, ਇਕ ਏਕੇ ਵਾਲਾ ਉਪਦੇਸ਼ ਫੈਲਾ, ਹਰ ਕਿਸੇ ਦਾ ਈਮਾਨ ਗੁਰੂ ਨਾਨਕ ਪਾਤਸ਼ਾਹ ਤੇ ਆ ਗਿਆ ।

ਇਸੇ ਵਿਸਾਖੀ ਵਾਲੇ ਦਿਹਾੜੇ 1801 ਨੂੰ ਬੜਾ ਭਾਰੀ ਦੀਵਾਨ ਸਜਾਇਆ ਗਿਆ । ਦਰਬਾਰ ਸਜਿਆ, ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸਾ ਸੋਧ, ਪਾਤਸ਼ਾਹਾਂ ਦਾ ਹੁਕਮ-ਨਾਮਾ ਲੈ, ਆਪਣੇ ਸੇਵਕ ਰਣਜੀਤ ਸਿੰਘ ਨੂੰ ਤਖਤੋ-ਤਾਜ ਦਾ ਮਾਲਕ ਬਣਾਇਆ । ਰਾਜ ਤਿਲਕ ਬਾਬਾ ਸਾਹਿਬ ਸਿੰਘ ਜੀ ਨੇ ਅਪਣੇ ਹਥੀਂ ਲਾਇਆ, ਤੇ ਪੰਜਾਬ ਦੀ ਧਰਤੀ ਦਾ ਮਹਾਰਾਜਾ ਕਾਇਮ ਕੀਤਾ ਤੇ ਸਿਖ ਰਾਜ ਕਾਇਮ ਕੀਤਾ । ਉਹ ਸਿਖ ਰਾਜ ਜਿਸ ਦੀਆਂ ਹੱਦਾਂ ਸਤਲੁਜ ਦਰਿਆ ਤੋਂ ਕਾਬਲ ਕੰਧਾਰ ਦੀਆਂ ਕੰਧਾਂ ਤਕ ਜਾ ਪਹੁੰਚੀਆਂ ਤੇ ਕਸ਼ਮੀਰ ਤੋਂ ਅਗੇ ਲੰਘ, ਤਿਬਤ ਤਕ ਜਾ ਅਪੜੀਆਂ । ਇਹ ਹੈ ਇਸ ਪਵਿਤਰ ਵਿਸਾਖੀ ਦੀ ਅਹਮੀਅਤ ।

ਅਜ ਵੀ ਕੋਈ ਸ਼ੁਭ ਕਾਰਜ ਕਰਨੇ ਹੋਣ ਵਿਸਾਖੀ ਦਾ ਦਿਹਾੜਾ ਹੀ ਚੁਣਿਆ ਜਾਂਦਾ ਹੈ । ਦੁਕਾਨਾਂ ਵਾਲੇ ਵਹੀ ਖਾਤਾ ਹਿਸਾਬ ਕਿਤਾਬ ਵੀ ਇਸੇ ਦਿਹਾੜੇ ਪਿਛਲੇ ਸਾਲ ਦਾ ਬੰਦ ਕਰ, ਨਵੀਆਂ ਕਿਤਾਬਾਂ ਚਾਲੂ ਕਰਨੀਆਂ ਸ਼ੁਭ ਦਿਨ ਸਮਝਦੇ ਹਨ । ਇਹ ਸ਼ੁਭ ਕਿਉਂ ਨਾ ਹੁੰਦਾ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣਾ ਖਾਸ ਰੂਪ ਵੀ ਇਸੇ ਦਿਨ ਬਣਾਇਆ, ਜੋ ਅਜ ਤਕ ਜਿਤਨੀ ਦੇਰ ਆਪ ਦੇ ਦਰਸਾਏ ਰਾਹ ਤੇ ਚਲਦਾ ਹੈ, ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ । ਪੰਜ ਪਿਆਰਿਆਂ ਦੀ ਸਾਜਨਾਂ, ਅੰਮ੍ਰਿਤ ਦੀ ਬਰਖਾ ਇਸੇ ਦਿਹਾੜੇ ਤੋਂ ਹੋਈ । ਗੁਰਮਤਿ ਵਾਲੀ ਵਿਸਾਖੀ ਹੋਵੇ ਤਾਂ ਚੜ੍ਹਦੀ ਕਲਾ ਵਾਲਾ ਸਾਲ ਹੁੰਦਾ ਹੈ ਤੇ ਜੇ ਸ਼ਰਾਬ ਪੀ, ਵਿਸ਼ੇ ਵਿਕਾਰਾਂ ਵਿਚ ਰਚਤ ਹੋ ਜਾਵੇ ਤਾਂ ਲੜਾਈਆਂ, ਦੰਗੇ, ਫਸਾਦਾਂ ਵਾਲੀ ਵਿਸਾਖੀ ਹੁੰਦੀ ਹੈ । ਅਜ ਗੁਰਮਤਿ ਦੇ ਆਗੂ, ਸੰਗਤਾਂ ਜਿਥੇ ਕਿਥੇ ਇਕੱਠੀਆਂ ਹੋਈਆਂ ਹੋਣਗੀਆਂ, ਜੇਕਰ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਦਾ ਕਰ, ਕਥਾ, ਕੀਰਤਨ, ਗੁਰਬਾਣੀ ਦੀ ਵਿਆਖਿਆ ਤੇ ਅੰਮ੍ਰਿਤ, ਪੰਜ ਪਿਆਰੇ ਸਾਜ, ਅੰਮ੍ਰਿਤ ਰੂਪੀ ਬਾਟਾ ਤਿਆਰ, ਕਰ, ਆਪਣੇ ਆਉਣ ਵਾਲੀਆਂ ਨਸਲਾਂ ਨੂੰ ਅੰਮ੍ਰਿਤ ਦੀ ਦਾਤ ਵਰਤਾਈ ਹੋਵੇਗੀ, ਤਾਂ ਸਾਲ ਸਲਾਮਤ, ਤੇ ਗੁਰੂ ਖਾਲਸੇ ਦੀਆਂ ਚੜ੍ਹਦੀਆਂ ਕਲਾਂ, ਤੇ ਜੇਕਰ ਗੁਰਮਤਿ ਵਾਲੀ ਵਿਸਾਖੀ ਨਹੀਂ ਮਨਾਈ, ਧਰਮ ਵਿਚਾਰਾਂ ਨਹੀਂ ਕਰੀਆਂ, ਤਾਂ ਦਰ-ਬਦਰ ਦੀਆਂ ਠੋਕਰਾਂ । ਆਉ ਸਬਕ ਲਉ ਇਸ ਵਿਸਾਖੀ ਨੂੰ, ਜੋ ਗੁਰੂ ਨਾਨਕ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਸਾਹਿਬ ਸਿੰਘ ਜੀ ਨੇ ਕਰਿਆ, ਸੋ ਕਰ ਲਉ । ਬਚੇ, ਖਾਲਸਾ ਜੀ, ਗੁਰਸਿਖੀ ਸਤਿਗੁਰੂ ਦੀ ਅਮਾਨਤ ਹਨ, ਘਰ ਘਰ, ਨਗਰ ਨਗਰ, ਹਰ ਗੁਰਦੁਆਰੇ ਵਿਚ ਵਿਸਾਖੀ ਮਨਾਓ ਪੰਜ ਪਿਆਰੇ ਸਾਜੋ, ਅੰਮ੍ਰਿਤ ਬਾਟਾ ਤਿਆਰ ਕਰੋ ਤੇ ਆਪਣੇ ਬਚਿਆਂ ਨੂੰ ਸਿੰਘ ਸਜਾਉ । ਪੁਰਾਤਨ ਮਰਿਆਦਾ ਅਨੁਸਾਰ, ਅਜ ਕਲ ਦੀਆਂ ਮਨ-ਘੜਤ ਮਰਿਆਦਾਂ ਅਨੁਸਾਰ ਨਹੀਂ । ਅੰਮ੍ਰਿਤ ਪ੍ਰਚਾਰ ਦੀ ਵਿਧੀ ਵਿਸ-ਥਾਰ ਨਾਲ ਅਜੂਨੀ ਦੇ ਪਿਛਲੇ ਪਰਚਿਆਂ ਵਿਚ ਛਪ ਚੁਕੀ ਹੈ । ਇਹ ਗੁਰੂ ਖਾਲਸੇ, ਸਿੰਘਾਂ ਦੀ ਇਕਾਗਰਤਾ ਦਾ ਬਣੇਗਾ ਤੇ ਅੱਜ ਦੀਆਂ ਢਹਿੰਦੀਆਂ ਕਲਾਂ ਦਾ ਅਸਲ ਜਵਾਬ ਹੈ । ਅਜ ਦੇ ਬੱਚੇ ਗੁਰਸਿੱਖੀ ਦੇ ਡਸਿਪਲਨ ਵਿਚ ਪੂਰੇ ਨਹੀਂ । ਪੂਰੇ ਕਰਨੇ ਸਾਡੇ ਮਾਤਾ ਪਿਤਾ ਦਾ ਫ਼ਰਜ਼ ਅਫ਼ਜ਼ਲ ਹੈ । 7 ਸਾਲ ਦੇ ਬਚੇ ਹੋ ਜਾਣ ਤਾਂ ਇਸ ਪਾਸੇ ਲਾਉ । ਫੇਰ ਤਾਂ ਵਡੇ ਹੋ ਅਵਾਰਾ ਹੋ ਜਾਣਗੇ, ਆਖੇ ਨਹੀਂ ਲਗਣਗੇ । ਸਮਾਂ ਨਾ ਗੁਆਉ । ਵਿਸਾਖੀ ਗੁਰਮਤਿ ਦੀ ਮਨਾਉ ਤੇ ਰਾਜ ਭਾਗ ਦੇ ਮਾਲਕ ਬਣੋ । ਪੂਰੇ ਕਾ ਕੀਆ ਸਭ ਕਿਛੁ ਪੂਰਾ, ਘਟ ਵਧ ਕਿਛੁ ਨਾਹੀਂ ।

# ਬੇਦੀ ਵੰਸ ਦਾ ਗੁਰਮਤ ਪ੍ਰਚਾਰ

[ ਗਿਆਨੀ ਗੋਪਾਲ ਸਿੰਘ 'ਮਿਤਰ' ]

ਗੁਰਮਤਿ ਪ੍ਰਚਾਰ ਵਿਚ ਗੁਰੂ ਨਾਨਕ ਅੰਸ਼ ਬੇਦੀ ਮਹਾਂ ਪੁਰਸ਼ਾਂ ਨੇ ਕਾਫ਼ੀ ਤੋਂ ਵਧ ਹਿਸਾ ਪਾਇਆ ਹੈ। ਬਾਬਾ ਕਲਾਧਾਰੀ, ਬਾਬਾ ਸਾਹਿਬ ਸਿੰਘ, ਬਾਬਾ ਸੂਰਜ ਸਿੰਘ ਜੀ ਨੇ ਆਪਣੇ ਆਪਣੇ ਸਮੇਂ ਵਿਚ ਜੋ ਪ੍ਰਚਾਰ ਕੀਤਾ ਹੈ, ਉਹ ਸੁਨਹਿਰੀ ਅਖਰਾਂ ਨਾਲ ਅੰਕਿਤ ਹੈ। ਬਾਬਾ ਖੇਮ ਸਿੰਘ, ਬਾਬਾ ਸੁਜਾਨ ਸਿੰਘ ਜੀ ਨੇ ਪ੍ਰਚਾਰ ਦੌਰੇ ਕਰ ਕਰਕੇ ਪੰਥ ਦੀ ਜੋ ਸੇਵਾ ਕੀਤੀ ਹੈ, ਸ਼ਾਇਦ ਹੀ ਕਿਸੇ ਹੋਰ ਸ਼੍ਰੇਣੀ ਦੇ ਹਿਸੇ ਆਈ ਹੋਵੇਗੀ। ਬਾਬਾ ਬ੍ਰਿਜਬਲਭ ਸਿੰਘ (ਜੋ ਉਚ ਕੋਟੀ ਦੇ ਵਿਦਵਾਨ ਸਨ) ਤੇ ਟਿੱਕਾ ਦੇਵਿੰਦਰ ਸਿੰਘ ਜੀ ਦੇ ਸੁਭਾਗ ਦਰਸ਼ਨਾਂ ਦਾ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਵੀ ਮਾਣ ਪ੍ਰਾਪਤ ਹੋਇਆ ਹੈ। ਥੱਲ ਦਾ ਇਲਾਕਾ ਮੁਲਤਾਨ ਤੋਂ ਲੈ ਕੇ ਸਰਗੋਧਾ ਮੀਆਂ ਵਾਲੀ ਤਕ ਦਾ ਬੱਚਾ ਬੱਚਾ ਇਨ੍ਹਾਂ ਮਹਾਂ ਪੁਰਸਾਂ ਦਾ ਰਿਣੀ ਹੈ, ਜਿਨ੍ਹਾਂ ਨੇ ਅਨੇਕਾਂ ਸਹਿਜਧਾਰੀ ਘਰਾਣਿਆਂ ਨੂੰ ਸਿੰਘ ਸਜਾਇਆ, ਜਿਨ੍ਹਾਂ ਨੇ ਵਧ ਫੁੱਲ ਕੇ ਪੰਥ ਪ੍ਰਚਾਰ ਵਿਚ ਵੱਡਮੁਲਾ ਹਿੱਸਾ ਪਾਇਆ।

ਇਨ੍ਹਾਂ ਬਾਬਿਆਂ ਦੀਆਂ ਪ੍ਰਚਾਰ ਫੇਰੀਆਂ ਵਿਉਂਤ ਅਨੁਸਾਰ ਹੋਇਆ ਕਰਦੀਆਂ ਸਨ। ਖ਼ਾਸ ਕਰ ਟਿੱਕਾ ਦੇਵਿੰਦਰ ਸਿੰਘ ਜੀ, ਜੋ ਊਨੇ ਸਾਹਿਬ ਤੋਂ ਪ੍ਰਚਾਰ ਵਰਖਾ ਕਰਦੇ ਹੋਏ ਗੁਰੂ ਨਾਨਕ-ਸੰਦੇਸ਼ ਮਹਿਕ ਵੰਡਦੇ ਹਰ ਸਾਲ (ਜਿਥੋਂ ਤਕ ਦਾਸ ਨੂੰ ਯਾਦ ਹੈ) ਸਾਡੇ ਪਿੰਡ 'ਗੌਹਰਵਾਲਾ' (ਜ਼ਿਲਾ ਮੀਆਂ ਵਾਲੀ) ਨੂੰ ਭਾਗ ਲਾਂਦੇ ਸਨ। ਕੁਝ ਦਿਨ ਪਹਿਲੋਂ ਹੀ ਆਪ ਜੀ ਦੇ ਆਉਣ ਦੇ ਹੁਕਮਨਾਮੇ ਪੁਜ ਜਾਂਦੇ, ਸੰਗਤਾਂ ਵਿਚ ਆਪ ਦੇ ਦਰਸ਼ਨਾਂ ਦੀ ਸਿੱਕ ਤੀਬਰ ਹੋ ਜਾਂਦੀ। ਨਿਸਚਿਤ ਪ੍ਰੋਗ੍ਰਾਮ ਅਨੁਸਾਰ ਸੰਗਤਾਂ ਵਾਜੇ, ਢੋਲਕੀਆਂ, ਛੈਣਿਆਂ ਨਾਲ ਮੀਲ ਮੀਲ ਅਗੇ ਪਹੁੰਚ ਕੇ ਆਗਮਨ ਕਰਦੀਆਂ, ਸਬਦ ਪੜ੍ਹਦੀਆਂ ਆਪ ਵੀ ਘੋੜੇ ਤੋਂ ਉਤਰ ਕੇ ਨਾਲ ਤੁਰਦੇ ਦਰਸ਼ਨ ਦੇਂਦੇ। ਗੁਰਦੁਆਰੇ ਸਾਹਿਬ ਡੇਰਾ ਹੁੰਦਾ ਸੀ, ਸੰਝ ਸਵੇਰੇ ਦੀਵਾਨ ਸਜਦੇ, "ਝਿਮ ਝਿਮ ਵਰਸੈ ਅੰਮ੍ਰਿਤ ਧਾਰਾ" ਨਾਲ ਆਏ ਰਾਗੀਆਂ ਦੀ ਰਸਨਾ ਤੋਂ ਬਾਣੀ ਦੀਆਂ ਅੰਮ੍ਰਿਤ ਝੜੀਆਂ ਵਸਦੀਆਂ। ਅੰਮ੍ਰਿਤ ਪ੍ਰਚਾਰ ਹੁੰਦੇ। (ਦਾਸ ਨੂੰ ਵੀ ਦੋ ਵਾਰੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ ਦਾ ਮਾਣ ਬਖਸ਼ਿਆ)।

ਦੇਸ਼ ਦੀ ਵੰਡ ਕਾਰਨ ਇਹ ਸਿਲਸਿਲਾ ਸਮਾਪਤ ਹੋਇਆ, ਪਰ ਬੇਦੀ ਬਾਬਿਆਂ ਦਾ ਪ੍ਰਚਾਰ-ਜਜਬਾ ਹੋਰ ਵਧੇਰੇ ਪ੍ਰਫੁਲਤ ਹੁੰਦਾ ਰਿਹਾ ਜਿਸ ਦਾ ਫਲ ਸਰੂਪ ਅਜ ਪੰਜਾਬੀ ਦਾ ਮਾਸਕ ਪਤ੍ਰ 'ਅਜੂਨੀ' ਜੀਂਦਾ ਜਾਗਦਾ ਸਬੂਤ ਹੈ, ਜੋ ਪਿੰਡ ਮਨਸੂਰਾਂ, ਜ਼ਿਲਾ ਲੁਧਿਆਣਾ ਤੋਂ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਜਿਹੇ ਨਾਮ ਰਸੀਏ, ਫ਼ਿਲਾਸਫ਼ਰ, ਮਹਾਂ ਪੁਰਖ ਦੀ ਸੰਪਾਦਕ ਛੋਹ ਲੈ ਕੇ ਸੰਸਾਰ ਨੂੰ ਗੁਰਮਤਿ ਸੁਗੰਧੀ ਪ੍ਰਦਾਨ ਕਰ ਰਿਹਾ ਹੈ। ਇਸ ਦੇ ਪੜ੍ਹਨ ਤੋਂ ਪਤਾ ਚਲਦਾ ਹੈ ਕਿ ਬਾਬਾ ਜੀ ਦੇ ਹਿਰਦੇ ਵਿਚ ਗੁਰਮਤਿ ਪ੍ਰਚਾਰ ਵਧਾਣ ਦੀ ਭਾਰੀ ਲਗਨ ਤੇ ਦਿਲਚਸਪੀ ਹੈ। ਆਪ ਉਚ-ਕੋਟੀ ਦੇ ਵਿਦਵਾਨ ਹਨ ਤੇ ਹੋਰ ਵਿਦਵਾਨਾਂ, ਲੇਖਕਾਂ ਕਵੀਆਂ ਦੇ ਵਿਹਾਰ ਇਕਤ੍ਰ ਕਰਕੇ ਸੰਪਾਦਨਾਂ ਕਰਦੇ ਹੋਏ ਪੰਥ ਦੀ ਭਾਰੀ ਸੇਵਾ ਕਰ ਰਹੇ ਹਨ।

ਅਰਦਾਸ ਹੈ ਕਿ ਅਕਾਲ ਪੁਰਖ ਆਪ ਜੀ ਨੂੰ ਦੀਰਘ ਆਯੂ ਬਖਸ਼ੇ ਤੇ ਆਪ ਦੀ ਹਸਤ ਛਾਇਆ ਹੇਠ ਇਹ ਬੂਟਾ ਦਿਨ ਦੂਣੀ ਰਾਤ ਚੌਗਣੀ ਉੱਨਤੀ ਦੇ ਸਿਖਰ ਤੇ ਪਹੁੰਚਦਾ ਚੜ੍ਹਦੀ ਕਲਾ ਵਿਚ ਪ੍ਰਵੇਸ਼ ਕਰਦਾ ਜਾਏ।

❖

# ਕਾਵਿ-ਫੁਲ

(ਵਲੋਂ ਬਲਵੰਤ ਸਿੰਘ 'ਨੂਰ' ਲੁਧਿਆਣਾ)

## ਜੀਵਨ

ਆਦਿ ਅਨੰਤੀ ਜੀਵਨ ਸਭ ਦਾ, ਜੁਗ ਜੁਗ ਰਥ ਇਹ ਚਲਿਆ।
ਬਿਖੜਾ ਰਸਤਾ ਇਸ ਪਾਂਧੀ ਦਾ, ਜਗ ਫਾਹੀ, ਹਉਂ ਵਲਿਆ।
ਘਟ ਘਟ ਦੀਵਾ ਜੀਵਨ ਜੋਤੀ, ਇਹ ਬਾਹਰੋਂ ਚਾਨਣ ਭਾਲੇ।
ਪੰਧ ਅੰਧੇਰਾ ਰਾਹ ਨਾ ਦਿਸੇ, ਇਹ ਸੁੱਤਾ ਮਾਇਆ ਛਲਿਆ।

## ਬੰਦਾ ਬੰਧਨ 'ਚ ਪਾਇਆ

ਜਗ ਸਾਰੇ ਨੂੰ ਉਸ ਮਾਲਕ ਨੇ, ਇਉਂ ਦੂਈ ਪਾ ਬਣਾਇਆ।
ਇਕਨਾਂ ਆਪਣੀ ਟੇਕ ਦੇ ਖਿਚਿਆ, ਦੂਜੇ ਹਉਮੈਂ ਧੁਰੇ ਭਵਾਇਆ।
ਭੁਗਤ ਜੁਗਤ ਵਿਚ ਜਗ ਹੈ ਭੁਲਿਆ, ਕੋਈ ਵਿਰਲਾ ਰੱਸਕ ਬਬੇਕੀ,
ਭੁਗਤ ਮੁਕਤ ਸੁਮੇਲ ਖੇਲ ਹਿਤ, 'ਨੂਰ' ਬੰਦਾ ਬੰਧਨ 'ਚ ਪਾਇਆ।

## ਹੋੜੀਂ ਨਾ

ਜਿਨ੍ਹਾਂ ਦਾ ਤੁਸੀਂ ਮਾਣ ਹੋ ਸਾਈਆਂ, ਮਾਣ ਤਿਨ੍ਹਾਂ ਦਾ ਤੋੜੀਂ ਨਾ।
ਜਿਨ੍ਹਾਂ ਦੀ ਤੁਸੀਂ ਟੇਕ ਹੋ ਸਾਈਆਂ, ਤਿਨ੍ਹਾਂ ਕਦੇ ਵਿਛੋੜੀਂ ਨਾ।
ਮੰਨਿਆ ਤੇਰੇ ਦਰ ਤੋਂ ਭੁਲੇ, ਪਰ ਛੋਹ ਤੇਰੀ ਤਾਂ ਰਖਦੇ ਹਾਂ।
ਦਰ ਢਠਿਆਂ ਦੀ ਲਾਜ ਨੂੰ ਪਾਲੀਂ, 'ਨੂਰ' ਦਰ ਕੁਤਿਆਂ ਨੂੰ ਹੋੜੀਂ ਨਾ।

## ਚਾਹ

ਟਿਕ ਰਹਾਂ ਨਿਜ ਆਪੇ ਅੰਦਰ, ਚਾਹ ਅਚਾਹ, ਰਸ ਅੰਦਰੋਂ ਪਾਵਾਂ।
ਯਾਦ ਤੇਰੀ, ਮੇਰੀ ਭਟਕਣ ਮੁਕੇ, ਗਿਆਨ ਵਿਸਮਾਦੀ ਸੁਰਤ ਸਮਾਵਾਂ।
ਰਬੀ ਪਿਆਰ, ਨਾਮ ਕਰਮ ਰਟ, ਪਿਛਲੇ ਧੋਣੇ ਧੋ ਲਾਂ,
ਯਾਦ ਸਾਈਂ ਦੀ ਪਿਆਰ ਖਿਚ ਵਿਚ, ਰੂਹ ਨਿਖਾਰ 'ਨੂਰ' ਬਣ ਜਾਵਾਂ।

# ਜੰਞੂ-ਸੰਸਕਾਰ

(ਜਨਮ ਸਾਖੀ ਮਿਹਰਬਾਨ ਜੀ ਸੋਢੀ)

[ਸੰਪਾਦਕ ਪ੍ਰੋ. ਕਿਰਪਾਲ ਸਿੰਘ ਜੀ]

## ਗੋਸਟਿ ਬਾਬੇ ਨਾਨਕ ਜੀ ਕੀ

ਜਬ ਗੁਰੂ ਬਾਬਾ ਨਾਨਕੁ ਜੀ ਨਵਾ ਬਰਸਾ ਕਾ ਹੂਆ ਤਬ ਗੁਰੂ ਬਾਬੇ ਨਾਨਕ ਜੀ ਕਾ ਉਣੇਤੁ ਹੂਆ, ਜਨੇਊ, ਲਾਗੇ ਬਾਹਣੇ। ਬ੍ਰਹਮਣ ਚਉਕਾ ਦੇ ਕਰਿ ਸਿਖਾਂ ਲਾਗੇ ਦੇਵਣੇ। ਪ੍ਰਾਤ ਸੰਧਿਆ ਮੰਧਿਆ। ਤ੍ਰਿਕਾਲ ਸੰਧਿਆ। ਤਰਪਣੁ। ਗਾਇਤ੍ਰੀ। ਲਗਾ ਬ੍ਰਹਮਣੁ ਸਿਖਾਲਣੇ। ਅਰੁ ਸਿਖਾ ਸੂਤ ਧੋਤੀ ਜਨੇਊ ਮਾਲਾ ਕੀ ਸੂਚ ਲਾਗਾ ਸਿਖਾਲਣੇ। ਸਾਸਤ੍ਰ ਬੇਦ ਕੀ ਮਿਰਜਾਦਾ ਲਾਗਾ ਸਿਖਾਲਣੇ। ਖਟ ਕਰਮ ਲਾਗਾ ਬਤਾਵਣੇ। ਸਾਲਗਿਰਾਮ ਕੀ ਸੇਵਾ ਲਾਗਾ ਸਿਖਾਲਣੇ। ਜਿਤਨਾ ਬੇਦੁ ਕਹਤਾ ਥਾ ਹਿੰਦੂ ਧਰਮੁ ਸਭੁ ਪਰਕਿਰਤਿ ਲਾਗਾ ਸਿਖਾਵਣੇ। ਤਬ ਪੰਡਿਤ ਚਉਕਾ ਦੇ ਕਰਿ ਗੁਰੂ ਬਾਬਾ ਨਾਨਕੁ ਜੀ ਨਵਾਇ ਕਰਿ ਆਣਿ ਚਉਕੇ ਊਪਰਿ ਬੈਠਾਇਆ, ਜਨੇਊ ਲਾਗਾ ਪਾਵਣੇ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਪੰਡਿਤ! ਤੂ ਜਿ ਜਨੇਊ ਬਾਹਤਾ ਹੈ ਸਿ ਏਸੁ ਜਨੇਊ ਬਾਹਣੇ ਕਾ ਕਵਣੁ ਧਰਮੁ ਹੈ?"

ਤਬ ਬ੍ਰਹਮਣਿ ਕਹਿਆ ਜਿ, "ਏ ਨਾਨਕ! ਏਸੁ ਜਨੇਊ ਪਾਵਣ ਕਾ ਏਹੁ ਬੀਚਾਰੁ ਹੈ। ਏਹੁ ਅਰਥਿ ਪਉਦਾ ਹੈ ਜਿ ਖਤ੍ਰੀ ਬ੍ਰਹਮਣੈ ਕਉ ਨੇਮੁ ਹੋਤਾ ਹੈ ਜਿ ਬਿਨਾ ਚਉਕੇ ਤੇ ਭਿਟਾ ਅੰਨੁ ਜੇਵਣਾ ਨਾਹੀ। ਖਤ੍ਰੀ ਬ੍ਰਹਮਣ ਕਉ ਜਨੇਊ ਕੀ ਸਰਮ ਹੋਤੀ ਹੈ। ਜਿ ਕੁਚੀਲ ਬਸਤੁ ਕੈ ਨੇੜੈ ਨ ਜਾਣੇ ਜਣੇਊ ਹੋਦੇ ਕੁਚੀਲੁ ਰਹਣਾ ਨਾਹੀ। ਅਰੁ ਬਿਨਾ ਨਾਤੇ ਤੇ ਚਉਕੇ ਨ ਜਾਣੇ। ਜਬ ਏਸ ਕੰਉ ਜਨੇਊ ਪੜੈ ਤਉ ਖਤ੍ਰੀ ਧਰਮ ਮਹਿ ਆਵੈ। ਗਾਇਤ੍ਰੀ ਤਰਪਨੁ ਸੰਧਿਆ ਸੇਵਾ ਕਰੇ, ਭਲੀ ਜੁਗਤਿ ਮਹਿ ਰਹੈ, ਇਸਿ ਨਿਮਤਿ ਕਾਰਣਿ ਖ਼ਤ੍ਰੀ ਬ੍ਰਹਮਣ ਕਉ ਜਨੇਊ ਪੜਤਾ ਹੈ। ਬਿਨਾ ਜਨੇਊ ਤੇ ਖਤ੍ਰੀ ਬ੍ਰਹਮਣ ਕਾ ਧਰਮੁ ਰਹਤਾ ਨਾਹੀ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਪੰਡਿਤ! ਖਤ੍ਰੀ ਬ੍ਰਹਮਣ ਕਾ ਧਰਮੁ ਜਨੇਊ ਸਉ ਰਹਤਾ ਹੈ ਕਿ ਕਰਮ ਕਰਿ ਕਰਿ ਧਰਮੁ ਰਹਤਾ ਹੈ"? ਜਬ ਏਹੁ ਬਾਤ ਗੁਰੂ ਬਾਬੇ ਨਾਨਕ ਜੀ ਕਹੀ ਤਬ ਜਿਤਨੇ ਲੋਕ ਇਕਤ੍ਰ ਭਏ ਥੇ ਸਭਿ ਹੈਰਾਨਿ ਭਏ, ਜਿ "ਹੇ ਪਰਮੇਸਰੁ! ਏਹੁ ਤਉ ਬਾਲਕੁ ਹੈ, ਪਣੁ ਕੈਸੀ ਬਾਤ ਕਰਤਾ ਹੈ"। ਤਬ ਬ੍ਰਹਮਣਿ ਕਹਿਆ ਜਿ, "ਜੀ, ਜਿਤੁ ਕਰਮਿ ਧਰਮਿ ਏਸੁ ਕਾ ਧਰਮੁ ਰਹਤਾ ਹੈ ਖਤ੍ਰੀ ਬ੍ਰਹਮਣ ਕਾ ਸੁ ਬਤਾਈਐ"। ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਉਪਦੇਸੀ:–

### ਸਲੋਕੁ

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥<br>
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ॥ ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।੧।

ਤਿਸੁ ਕਾ ਪਰਮਾਰਥੁ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿ ਸੁਆਮੀ ਪੰਡਿਤਾ! ਏਸ ਦਾ ਧਰਮ ਏਤ ਕਪਾਹਿ ਦੇ ਸੂਤ ਵਟਿ ਘਤਿਐ ਨਾਂਹੀ ਰਹਦਾ। ਉਹੁ ਜਨੇਊ ਏਹੁ ਹੈ ਅੰਦਰਿ ਦਇਆ ਵਸੈ, ਦਇਆ

ਦੀ ਕਪਾਹ ਹੋਈ। ਜਾਂ ਅੰਦਰਿ ਸੰਤੋਖੁ ਆਇਆ ਤਬ ਉਸੁ ਦਇਆ ਕੀ ਕਪਾਹ ਤੇ ਸੂਤੁ ਹੋਆ। ਸੰਤੋਖੁ ਦੇ ਵਟਿ ਸਾਥਿ ਜਤ ਦੀ ਗੰਢੀ। ਸਾਥਿ ਏਹੁ ਜਨੇਊ ਹੋਆ। ਜੇ ਤਾਂ ਏਹੁ ਜਨੇਊ ਹੋਇ ਆਵੈ ਤਾਂ ਪਾਈਐ, ਨਾਤਰ ਕਾਹੇ ਕੰਉ ਸੂਤੁ ਗਵਾਈਐ। ਕਪਾਹ ਦਾ ਸੂਤੁ ਅਗਿ ਵਿਚ ਪੈਆ ਜਲਦਾ ਹੈ"। ਕਹੈ:— "ਜੀ, ਤਿਸ ਦਾ ਨਾਉ ਸੈਸਾਰੁ ਕਹਦਾ ਹੈ ਜਿ ਤਗ ਤੁਟਾ, ਤਾਂ ਪਿਛੁ ਸੁਆਂਮੀ ! ਏਹੁ ਜਨੇਊ ਤਾ ਹੀ ਘਤੁ ਜਾਂ ਤੁਟੈ ਨਾਹੀ। ਜਾਂ ਕਪਾਹਹੁ ਕਤਿ ਕਰਿ ਸੂਤ ਕੀਚੈ, ਸੂਤੇ ਤੇ ਵਟਿ ਕਰਿ ਤਗੁ ਕੀਚੈ, ਤਗੁ ਤੁਟਿ ਜਾਇ ਤਾਂ ਨਾਉ ਪਵੈ ਤਗੁ ਤੁਟਾ। ਤਾ ਏਸੁ ਤਗ ਪਏ ਬਿਨ ਕਿ ਗਇਆ ਹੈ। ਜੇ ਫੇਰਿ ਫੇਰਿ ਬਾਮਣੁ ਵਟੈ ਤੇ ਪਾਏ। ਏਹੁ ਲਿਸੇ ਧਾਗੇ ਦਾ ਤਗੁ ਹੈ ਸੁ ਖੇਵੈ ਖੇਵੈ ਤੁਟਦਾ ਹੈ ਸੁਆਮੀ ਜੀ ! ਜੇ ਏਸੁ ਧਾਗੇ ਨੋ ਜੋਰੁ ਹੋਵੈ ਤਾ ਕਾਇਦੂ ਤੁਟੈ ਤਗੁ। ਜਿ ਸੂਤ੍ਰਗ ਨੋ ਜੋਰੁ ਹੈ ਸਿ ਅਸਾਨੋ ਪਰਮੇਸੁਰ ਪੈਨਾਇਆ ਹੈ। ਹੋਰਿ ਤਗ ਭਾਵੈ ਕਿਤਨੇ ਘਤੁ"। ਤਬ ਗੁਰੂ ਬਾਬੇ ਨਾਨਕ ਨੋ ਧਿਙਾਣੈ ਹੀ ਜਨੇਊ ਪਾਇਆ ਗਲਿ। ਤਬ ਬ੍ਰਹਮਣਿ ਕਹਿਆ ਜਿ, "ਜੀ ਏਹੁ ਤਾਂ ਅਸਾਂ ਜਿ ਵਟਿਆ ਸਿ ਸੈਸਾਰ ਦਾ ਵੇਖਾਲਾ ਹੈ, ਜਿਉਂ ਤੂ ਕਹਦਾ ਹੈ ਤਿਵੈ ਹੈ। ਪਣੁ ਜੀ ਜਿਸ ਤਗ ਨੋ ਜੋਰੁ ਹੈ, ਨਾਹੀ ਤੁਟਦਾ, ਧੁਰਿ ਪਹੁਚਦਾ ਹੈ, ਤੁਟਦਾ ਨਾਂਹੀ, ਤਿਸ ਤਰਾਂ ਦਾ ਪਰਮਾਰਥੁ ਸੁਣਾਈਐ।' ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ:—

ਸਲੋਕੁ।

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ ੪ ॥ ੧ ॥

ਤਿਸੁ ਕਾ ਪਰਮਾਰਥੁ–

ਤਬ ਗੁਰੂ ਬਾਬੇ ਨਾਨਕ ਜੀ ਕਹਿਆ, "ਜਿ ਸੁਣਿਹੋ ਸੁਆਮੀ ਜੀ ! ਜੇ ਤਾਂ ਮਨੁਖੁ ਪਰਮੇਸੁਰ ਕਾ ਨਾਮੁ ਸੁਣੇ ਮੰਨੈ ਸਾਹਿਬ ਕਾ ਨਾਮੁ ਤਬ ਏਸ ਕੀ ਪਤਿ ਪਰਮੇਸੁਰ ਰਾਖੈ ਅਰੁ ਪਰਮੇਸਰੁ ਕੀ ਸਾਲਾਹ ਭੀ ਕਰੈ ਅਰੁ ਸਚ ਕੈ ਘਰਿ ਮਹਿ ਰਹੈ। ਸਚਿ ਕੈ ਸੂਤਿ ਜਨੇਊ ਕਰਿ ਪਹਿਰੈ ਤਿਸੁ ਜਨੇਊ ਕਉ ਸਚ ਕਾ ਜੋਰੁ ਹੋਵੈ। ਉਸੁ ਤਾਗੇ ਕਾ ਤਗੁ ਤੁਟੈ ਨਾਹੀ, ਅਸਥਿਰੁ ਰਹੈ ਈਹਾਂ ਊਹਾਂ, ਸੁਆਮੀ ਜੀ ! ਏਸੁ ਜਨੇਊ ਕਾ ਪਰਮਾਰਥੁ ਏਹੁ ਹੈ"। ਤਬ ਤੇਨਿ ਪੰਡਿਤ ਅਰੁ ਸਭਨਹੁ ਨਮਸਕਾਰੁ ਕੀਆ ਜਿ, "ਵਾਹੁ ਨਾਨਕੁ ! ਧੰਨੁ ਨਾਨਕੁ ! ਸਤਿ ਨਾਨਕੁ" !

ਸਲੋਕੁ।

ਤਗੁ ਤਿਲਕੁ ਧੋਤੀ ਚਕਰ ਗਲਿ ਪਾਈਲੇ ਮਾਲਾ।
ਨਾਨਕ ਦਾਸ ਹਰਿ ਭਜਨ ਬਿਨੁ ਕਿਵ ਕਰਿ ਮਿਲਹਿ ਗੁਪਾਲਾ ॥੧॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨੁ ਗੁਰੂ, ਸਤਿਗੁਰੂ। ਗੁਰੂ ਗੁਰੂ, ਗੁਰੂ ਗੁਰੂ, ਸਤਿ ਰਾਮ, ਸਤਿਗੁਰੂ, ਸਤਿ, ਸਤਿਨਾਮ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥੭॥

# ਖੇਤ ਹਰਿਆ

## ਗੋਸਟਿ ਗੁਰੂ ਬਾਬੇ ਨਾਨਕ ਜੀ ਕੀ।

ਜਬ ਗੁਰੂ ਬਾਬਾ ਨਾਨਕੁ ਦਸਾ ਬਾਰਹ ਬਰਸਾ ਕਾ ਭੋਇਆ, ਤਬ ਦੇਹੁ ਬਾਲਕ ਸਰੂਪੁ, ਮਤਿ ਅਗਾਹੁ ਸੰਪੂਰਨ ਮਤਿ, ਜੋਤੀ ਸਰੂਪੁ ਗੁਰੂ ਬਾਬਾ ਨਾਨਕੁ ਜੀ ਪੂਰਨੁ ਬ੍ਰਹਮੁ ਲੋਕੁ ਲਾਗਾ ਉਸਤਤਿ ਕਰਨੈ। ਲੋਕ ਕਹਣੈ ਲਾਗੇ ਜਿ, "ਭਾਈ, ਕਾਲੂ ਬੇਦੀ ਦਾ ਜਿ ਪੁਤ੍ਰ ਹੈ ਦਿਨਾ ਮਹਿ ਛੋਟਾ ਹੈ ਬਾਲਕ ਸਰੂਪੁ ਹੈ। ਪਣੁ ਕਿਆ ਪਰਮੇਸੁਰ ਕੀ ਜੋਤ ਹੈ ਵਾਹੁ ਵਾਹੁ; ਦੇਖੀਐ ਤਉ ਜੋਤੀ ਸਰੂਪੁ, ਬੋਲੈ ਤਉ ਗਿਆਨੁ ਅਨੂਪੁ। ਐਸਾ ਹੈ ਜੇ ਕਿਛੁ ਕਹੀ ਨਾਹੀ ਜਾਤੀ, ਨਾਨਕੁ ਨਾਮੁ ਹੈ, ਬਾਲਕ ਸਰੂਪੁ ਹੈ, ਕਾਲੂ ਬੇਦੀ ਕਾ ਪੂਤੁ ਹੈ, ਪਣੁ ਵਡਾ ਆਚਰਜੁ ਬਾਲਕੁ ਹੈ"। ਸੈਸਾਰ ਮਹਿ ਬਾਤ ਚਲਿ ਪੜੀ ਲਗਾ ਲੋਕੁ ਉਸਤਤਿ ਕਰਨੇ। ਗੁਰੂ ਬਾਬੇ ਨਾਨਕ ਜੀ ਕੀ। ਤਬ ਦਾਦੇ ਕਾਲੂ ਗੁਰੂ ਬਾਬੇ ਨਾਨਕ ਜੀ ਕੰਉ ਕਿਛੁ ਟਹਲ ਕੀ ਆਗਿਆ ਕਰੀ ਜਿ, "ਬਚਾ! ਕਿਛੁ ਘਰੁ ਕੀ ਟਹਲ ਕਰੀਐ ਤਉ ਭਲਾ ਹੈ"।

ਦਾਦੇ ਕਾਲੂ ਕੀ ਕਵਨੁ ਪਰਕਿਰਤਿ ਹੋਤੀ, ਛਿਅ ਰੁਤਿ ਬਾਰਹ ਮਾਹ ਖੇਤੀ ਕਰਤਾ, ਹੋਰੁ ਸਉਦਾ ਬੈਪਾਰੁ ਕਿਛੁ ਨ ਕਰਤਾ, ਖੇਤ੍ਰੀ ਹੀ ਕਰਤਾ। ਮਹੀ ਗਾਂਈ ਘੋੜੀਆਂ ਹੀ ਹੋਤੀਆਂ। ਮਹੀ ਪਿਛੈ ਮਾਹੀ ਹੋਤਾ, ਘੋੜੀਆਂ ਪੀਛੈ ਘੋੜਿਵਾਲੁ ਹੋਤਾ। ਗਊਆਂ ਪੀਛੈ ਪਾਲੀ ਹੋਤਾ। ਖੇਤੀ ਕੰਉ ਹਾਲੀ ਕਮਾਵਤੇ ਜੈਸੇ ਭੂਮੀਆਂ ਸਿਰਿ ਬਡੇ ਭੂਮੀਏ ਹੋਤੇ ਹੈ; ਐਸਾ ਦਾਦਾ ਕਾਲੂ ਥਾ। ਰਾਇ ਭੋਏ ਕੀ ਤਲਵੰਡੀ ਰਹਤਾ ਪੰਚਾ ਮਹਿ ਨਾਇਕੁ। ਸਭਨਾ ਪੰਚਾ ਕਾ ਮੁਖੀ, ਚਉਕੜੀਆ। ਇਤੁ ਨਗਰ ਮਹਿ ਸ੍ਰੇਸਟ, ਦੀਬਾਨਿ ਮਹਿ ਸ੍ਰੇਸਟੁ, ਘਰਿ ਦਰਖੁ ਈਸਰੁ ਪੁਰਖਾਪਤਿ ਦਾਦਾ ਕਾਲੂ। ਤਿਸ ਕਾ ਪੂਤੁ ਬਾਬਾ ਨਾਨਕੁ ਬਰਸਾ ਦਸਾ ਬਾਰਹ ਕਾ ਥਾ ਜਦਿ ਦਾਦੇ ਕਾਲੂ ਬਾਬੇ ਨਾਨਕ ਕਉ ਕਹਿਆ ਜਿ, "ਬਚਾ ਨਾਨਕਾ! ਅਜੁ ਮਾਹੀ ਖੰਧਾ ਛਡਿ ਗਇਆ ਹੈ, ਅਜੁ ਤੂ ਮਹੀ ਪਿਛੈ ਜਾਹਿ, ਜਾਂ ਮਾਹੀ ਆਵੈਗਾ ਤਾਂ ਤੂੰ ਨਾ ਜਾਈ, ਅਜੁ ਖੰਧਾ ਤੂਹੈ ਉਛੇਰਿ"।

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਭਲਾ ਹੋਵੈ, ਮੈ ਹੀ ਜਾਊਗਾ"। ਤਬ ਗੁਰੂ ਬਾਬਾ ਨਾਨਕੁ ਜਿਤ ਵਖਤਿ ਮਹੀ ਕਾ ਉਛੇਰੁ ਸਾ, ਉਤੁ ਵਖਤਿ ਲੈ ਉਛਰਿਆ ਮਹੀ ਨੋ। ਤਬ ਗੁਰੂ ਬਾਬੇ ਨਾਨਕ ਜੀ ਜਿਉ ਮਹੀ ਆਣਿ ਕਰਿ ਚਰਹੈ ਖਿੰਡਾਂਈਆਂ, ਤਬ ਲਗੀਆਂ ਚਰਣੇ ਅਰੁ ਆਪਿ ਗੁਰੂ ਬਾਬਾ ਨਾਨਕੁ ਜੀ ਬੈਠਿ ਕਰਿ ਲਾਗਾ ਸਿਮਰਣੁ ਕਰਣੈ। ਤਬ ਸਿਮਰਨੁ ਕਰਤਾ ਕਰਤਾ ਧਿਆਨ ਬਿਖੇ ਹੋਇ ਗਇਆ ਅਰੁ ਖੰਧਾ ਜਾਇ ਧਾਨਾ ਦੇ ਖੇਤਿ ਪੜਿਆ। ਖੰਧੈ ਖਾਇ ਕਰਿ ਵਿਚੇ ਖੇਤੀ ਦੇ ਡੇਰਾ ਕੀਤਾ। ਰਜਿ ਕਰਿ ਵਿਚੇ ਮਹੀ ਬੈਠਿ ਗਈਆ। ਤਬ ਖਸਮੁ ਜਬ ਭਲਕੇ ਫੇਰਾ ਕਰਣ ਆਵੈ ਤਾਂ ਮਹੀ ਧਾਨਾ ਦਾ ਖੇਤੁ ਸਭੋ ਪਾਧਾ ਹੈ। ਖਾਇ ਕਰਿ ਵਿਚੇ ਖੇਤੀ ਦੇ ਬਹਿ ਰਹੀਆਂ ਹੈਨਿ। ਖਸਮੁ ਵੇਖਿ ਕਰਿ ਵਿਸਮਾਦ ਹੋਇ ਰਹਿਆ ਸੁ ਜਾਤੋ ਨੁ ਜਿ ਏਹੁ ਖੰਧਾ ਕਾਲੂ ਵੇਦੀ ਦਾ ਹੈ, ਪਾਸੇ ਖੇਤ੍ਰੀ ਦੇ ਨੀਗਰੁ ਸੁਤਾ ਪਇਆ ਹੈ। ਤਬ ਉਨਿ ਖੇਤ੍ਰੀ ਦੇ ਖਸਮਿ ਆਖਿਆ ਜਿ, "ਖੇਤੁ ਜਿ ਹੈ ਸਿ ਉਜੜਿਆ ਹੈ, ਹੁਣਿ ਨੀਗਰੁ ਭੀ ਸੁਤਾ ਰਹਉ, ਹੰਉ ਜਾਇ ਕਰਿ ਵਸਦੀ ਦੇ ਪੰਚ ਲਿਆਵਾਂ ਜੇ ਓਇ ਉਜਾੜਾ ਆਇ ਕਰਿ ਵੇਖਨਿ" ਤਬ ਓਹੁ ਗਾਹਕੁ ਵਸਦੀ ਆਇ ਕਰਿ ਰਾਇ ਭੋਐ ਥੈ ਉਨਿ ਪੁਕਾਰਿ ਕੀਤੀ ਜਿ, "ਰਾਇ ਜੀ! ਰਜਾਇ ਖੁਦਾਇ ਮੇਰਾ ਤਪਾਵਸ ਕਰਿ। ਜਿਤਨਾ ਖੇਤੁ ਸਾ ਸਿ ਕਾਲੂ ਦੇ ਖੰਧੈ ਉਜਾੜਿਆ ਹੈ"।

ਤਬ ਰਾਇ ਭੋਏ ਉਸੁ ਨਾਲਿ ਆਦਮੀ ਦਿਤੇ ਜਿ ਜਾਹੁ ਤੁਸੀ ਜਾਇ ਕਰਿ ਉਜਾੜਾ ਵੇਖਿ ਆਵਹੁ। ਤਬ ਓਹੁ ਲੈ ਕਰਿ ਉਨਾ ਪੰਚਾ ਨੋ ਤਿਤੈ ਖੇਤਿ ਆਇਆ। ਜਾਂ ਉਹੁ ਆਇ ਕਰ ਦੇਖਨਿ ਤਾ ਖੰਧਾ ਵਖਿ ਚਰਦਾ ਹੈ ਅਤੇ ਖੇਤੁ ਜਿ ਹੈ ਸਿ ਮਮੂਰੁ ਜੰਮਿਆ ਹੈ, ਇਕੁ ਪਠਾ ਭੀ ਟੁਕਿਆ ਨਾਹੀ, ਖੰਧਾ ਪਾਸਿ ਚਰਦਾ ਹੈ। ਓਹਿ ਜਿ ਉਜਾੜਾ ਵੇਖਣ ਗਏ ਸੇ ਓਨੀ ਆਖਿਆ ਜਿ, "ਏ ਸਾਂਈ ਦਿਆ! ਖੇਤੁ ਏਹੋ ਆਖਦਾ ਹੈ ਉਜੜਿਆ ਕਿ ਕੋਈ ਹੋਰੁ ਹੈ?" ਕਹੇ, ਖੇਤੁ ਉਜੜਿਆ ਹੈ, ਏਈ ਮਹੀ ਵਿਚੇ ਖੇਤੈ ਦੇ ਛਡਿ ਗਇਆ ਸਾ ਹੰਉ"। ਤਬ ਉਨੀ ਵਿਸਟੀ ਕਹਿਆ ਜਿ, "ਸਾਂਈ ਦਿਆ ਸਵਾਰਿਆ, ਖੇਤ ਦੇ ਬੰਨੇ ਦੀ ਬਖੀਲੀ ਕਰਦਾ ਹੈ। ਜੇਹਾ ਤੇਰਾ ਖੇਤੁ ਜੰਮਿਆ ਹੈ ਏਹਾ ਸਭਨਾ ਦਾ ਜੰਮਉ। ਸਾਂਈ ਦਿਆ ਸਵਾ-ਰਿਆ! ਏਵੈ ਨਹਕਿ ਖੇਪ ਘਤੀਐ, ਨ ਕਿਛੁ ਉਜੜਿਆ ਹੈ ਨ ਖਾਧਾ ਹੈ। ਕਾਇਦੁ ਏਵੈ ਨਹਕਿ ਕੂੜੁ ਢਾਹਿਓ! ਕੀ ਆਖੀਐ ਤੈ ਭਲੇ ਆਦਮੀ ਨੋ। ਕੋਈ ਨਹਕਿ ਭੀ ਫਿਰੀਆਦਿ ਕਰਦਾ ਹੈ? ਤਿਉ ਤੈ ਰਾਇ ਪਾਸਿ ਜਾਇ ਫਿਰੀਆਦਿ ਕੀਤੀ ਹੈ। ਕੋਈ ਏਵ ਭੀ ਕਰਦਾ ਹੈ?" ਤਬ ਉਨਿ ਕਹਿਆ ਜਿ, "ਏ ਮੀਆਂ। ਜਿਉਂ ਮੈ ਦੇਖਹੁ ਤਿਉ ਉਜੜਿਆ ਖੇਤੁ ਛਡਿ ਗੈਆ ਹਾਂ, ਵਿਚੇ ਖਾਇ ਕਰ ਮਹੀ ਬੈਠੀਆਂ ਸੀਆਂ! ਮੈਂ ਨਹੀਂ ਜਾਣਦਾ ਜਿ ਏਹੁ ਕਿਆ ਕੁਦਰਤਿ ਹੋਇ ਗੁਦਰੀ ਹੈ?"

ਤਬ ਉਨੀ ਆਖਿਆ ਜਿ, "ਨਾ ਤੂੰ ਕੂੜੁ ਬੋਲਦਾ ਹੈ, ਬੰਨੈ ਗਈਆਂ ਮਹੀ ਦਿਸਿ ਆਈਆਂ ਹੈਨਿ, ਸੁੰਵੀਆਂ ਜਾਤੋ ਜਿ ਪਈਆਂ ਹੋਨਗੀਆਂ। ਜਿ ਪਈਆਂ ਨਾਹੀ ਪਾਈਆ ਹੈਨਿ ਤਾ ਖਾਧੇ ਬਾਝੁ ਕਿਉ ਕਰਿ ਰਹਨਿ। ਪਣੁ ਪਈਆਂ ਨਾਹੀ ਬੰਨੈ ਲਗਿਓੜੀਆਂ ਹੈਨਿ। ਬੰਨੇ ਲਗੀਆਂ ਦੀ ਬਖੀਲੀ ਕਰਦਾ ਹੈ"। ਤਬ ਓਨਿ ਖਸਮਿ ਆਖਿਆ ਜਿ, "ਏ ਖੁਦਾਇ ਦਿਅਹੁ। ਜੇ ਹੋਰੁ ਕਿਛੁ ਨਾਹੀਂ ਤਾਂ ਤੁਸੀ ਏਸੁ ਕਾਲੂ ਦੇ ਨੀਗਰ ਨੋ ਡਰਾਇ ਜਾਹੁ ਜਿ ਵੇਖੀ ਵੇਖੀ ਮਤ ਖੇਤੁ ਖਵਾਲ ਦੇਹਿ। ਅਜੁ ਛਡਿਆ ਹੈ ਪਰੁ ਜੇ ਫੇਰਿ ਏਧਰਿ ਖੰਧਾ ਆਦੋ ਤਾ ਵੇਖਦਾ ਹੋਈ"। ਤਬ ਓਨਾ ਸਮਝਾਇਆ ਜਿ, "ਵੇਖੀ ਕਾਲੂ ਦਿਆ! ਏਸ ਦੇ ਖੇਤ ਦੇ ਬੰਨੈ ਮਹੀ ਢੋਇਦੇਹੁ"। ਏਤਨੀ ਗੱਲ ਆਖਿ ਕਰਿ ਨਾਲੇ ਖਸਮੁ ਨਾਲੇ ਓਇ ਰਾਇ ਪਾਸਿ ਆਏ। ਆਵਦਿਆਂ ਰਾਇ ਭੋਏ ਪੁਛੇ ਜਿ, "ਯਾਰੋ, ਤੁਸਾ ਕਿ ਡਿਠਾ?" ਉਨਾ ਆਖਿਆ ਜਿ; "ਰਾਇ ਜੀ! ਚਉਹਾਂ ਬੰਨਿਆਂ ਉਪਰਿ ਖੇਤੁ ਜੰਮਿਆ ਹੈ, ਪਠਾ ਇਕੁ ਭੀ ਟੁਕਿਆ ਨਾਹੀ। ਏਹੁ ਏਵੈ ਖਿਲਾਫੁ ਕਹਦਾ ਸਾ"।

ਤਾ ਰਾਇ ਭੋਏ ਕਹਿਆ ਜਿ, "ਵੈ, ਤੂ ਕਿਉ ਕੂੜੀ ਹੀ ਫਿਰਿਆਦ ਕਰਦਾ ਸਹਿ, ਉਜਾੜਾ ਨ ਸੀਓ ਹੋਇਆ"?

ਤਬ ਉਨਿ ਕਹਿਆ ਜਿ, "ਰਾਇ ਜੀ! ਓਜਾੜਾ ਸਹੀ ਹੋਇਆ ਸੀ, ਮਹੀ ਖਾਇ ਕਰਿ ਵਿਚੇ ਬੈਠੀਆਂ ਸਨਿ, ਜਾ ਫਿਰਿ ਪੰਚ ਜਾਇ ਦੇਖਨਿ ਤਾ ਖੇਤੁ ਚੰਗਾ ਭਲਾ ਹੈ, ਮਹੀ ਅਡ ਚਰਦੀਆਂ ਹੈਨਿ, ਏਵਡੁ ਕੋਈ ਖੁਦਾਇ ਦਾ ਤਮਾਸਾ ਹੋਦਾ ਹੈ"। ਤਬ ਰਾਇ ਕਹਿਆ ਜਿ, "ਏਹੁ ਕਿ ਆਖਦਾ"? ਤਬ ਉਨਿ ਕਹਿਆ ਜਿ, "ਰਾਇ ਜੀ! ਉਜਾੜਾ ਤਾ ਉਜਾੜੇ ਨਾਲਿ ਹੈ ਪਰੁ ਨਾਨਕੁ ਕਾਲੂ ਦਾ ਪੁਤੁ ਐਸੀ ਅਜਮਤਿ ਨਾਲਿ ਡਿਠਾ, ਵਡੀਆਂ ਖੁਦਾਇ ਦੀਆਂ ਸਿਫਤੀ ਕਰਦਾ ਹੈ, ਏਹੀਆਂ ਨਸੀਹਤੀ ਦੇਂਦਾ ਹੈ ਜਿ ਸੁਣਿਐ ਹੋਟਿਐ ਤਬਾ ਕਿਸੀ ਦੀ ਨਾਹੀ ਰਹਦੀ"। ਤਬ ਰਾਇ ਆਖਿਆ ਜਿ, "ਇਨਾਇਤਿ ਖੁਦਾਇ ਦੀ ਹੈ, ਕਿਆ ਮੁਸਕਲੁ ਹੈ ਖੁਦਾਇ ਸਵਾਰ ਦੇ? ਕਿਆ ਲਗਦਾ ਹੈ ਜਾ ਓਸੁ ਸਵਾਰਿਆ ਭਾਵੇ?" ਬੋਲਹੁ ਭਾਈ ਜੀ ਵਾਹਗੁਰੂ, ਧੰਨ ਗੁਰੂ, ਸਤਿਗੁਰੂ, ਗੁਰੂ ਗੁਰੂ ਗੁਰੂ।

ਸਲੋਕੁ ।

ਨਾਨਕ ਬਰਤਨ ਕੂੜ ਕੇ ਕਲਿ ਮਹਿ ਲੇਹਿ ਮਨੁਖ ।
ਸਚ ਕੇ ਪਾਤਿ ਨ ਛੀਪਹੀ ਕਿਵ ਕਰਿ ਪਾਵਹਿ ਸੁਖ ॥੧॥

ਬੋਲਹੁ ਭਾਈ ਜੀ ਵਾਹਗੁਰੂ, ਧੰਨ ਗੁਰੂ, ਸਤਿਗੁਰੂ, ਰਾਮ, ਸਤਿਗੁਰੂ, ਸਤਿ ਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥੮॥

❖

# ਦੇਗਾਂ ਵਿਚ ਤਾੜੀ ਲਾਈ ਏ

ਸ. ਜਸਵੰਤ ਸਿੰਘ ਮੁਨਸ਼ੀ

ਗੁਰੂ ਅਰਜਨ ਦੇਵ ਪਿਆਰੇ ਨੇ, ਵਾਹ ਕੀਤੀ ਖੂਬ ਕਮਾਈ ਏ।
ਸੁਖਮਨੀ ਬਨਾਵਣ ਵਾਲੇ ਨੇ, ਦੇਗਾਂ ਵਿਚ ਤਾੜੀ ਲਾਈ ਏ।
ਤਵੀਆਂ ਦੇ ਉਤੇ ਬਹਿ ਬਹਿ ਕੇ, ਦੇਗਾਂ ਦੇ ਉਬਾਲੇ ਸਹਿ ਸਹਿ ਕੇ।
ਸਤਿਨਾਮ ਦਾ ਮੰਤ੍ਰ ਕਹਿ ਕਹਿ ਕੇ, "ਸੀ" ਮੁਖ ਤੋਂ ਨਹੀਂ ਅਲਾਈ ਏ।
ਸੁਖਮਨੀ ਬਨਾਵਣ ਵਾਲੇ ਨੇ, ਦੇਗਾਂ ਵਿਚ ਤਾੜੀ ਲਾਈ ਏ।

ਇਕ ਜੋਤ ਅੱਲਾ ਦੀ ਆ ਗਈ ਸੀ, ਇਹ ਕਸ਼ਟ ਵੇਖ ਘਬਰਾ ਗਈ ਸੀ।
ਮੁਖ ਤੋਂ ਇਹ ਅਰਜ਼ ਸੁਣਾ ਗਈ ਸੀ, ਦੇਉ ਹੁਕਮ ਤੇ ਕਰਾਂ ਸਫ਼ਾਈ ਏ।
ਸੁਖਮਨੀ ਬਨਾਵਣ ਵਾਲੇ ਨੇ, ਦੇਗਾਂ ਵਿਚ ਤਾੜੀ ਲਾਈ ਏ।

ਹਤਿਆਰੇ ਦਾ ਸਿਰ ਕਟ ਦੇਵਾਂ, ਅਸਮਾਨ ਜ਼ਮੀਨ ਪਲੱਟ ਦੇਵਾਂ।
ਮੁੱਠੀ ਵਿਚ ਲੈ ਕੇ ਵੱਟ ਦੇਵਾਂ, ਇਹ ਕਸ਼ਟ ਨਾ ਸਹਿਆ ਜਾਈ ਏ।
ਸੁਖਮਨੀ ਬਨਾਵਣ ਵਾਲੇ ਨੇ, ਦੇਗਾਂ ਵਿਚ ਤਾੜੀ ਲਾਈ ਏ।

ਤਾਂ ਸਤਿਗੁਰ ਜੀ ਫੁਰਮਾਂਦੇ ਨੇ, ਮੀਆਂ ਮੀਰ ਨੂੰ ਆਖ ਸੁਣਾਂਦੇ ਨੇ।
ਖਿੜ ਖਿੜ ਕੇ ਵਾਕ ਅਲਾਂਦੇ ਨੇ, ਭਾਣਾ ਮੰਨਿਆਂ ਸੁਖ ਪਾਈ ਏ।
ਸੁਖਮਨੀ ਬਨਾਵਣ ਵਾਲੇ ਨੇ, ਦੇਗਾਂ ਵਿਚ ਤਾੜੀ ਲਾਈ ਏ।

ਬਸ ਦੁਨੀਆਂ ਸਾਰੀ ਮੰਨ ਗਈ, ਚੰਦੂ ਸਿਰ ਠੀਕਰ ਭੰਨ ਗਈ।
ਬਲਿਹਾਰ ਗੁਰੂ ਅਰਜਨ ਉੱਤੋਂ 'ਜਸਵੰਤ' ਕੀਤੀ ਰੁਸ਼ਨਾਈ ਏ।
ਸੁਖਮਨੀ ਬਨਾਵਣ ਵਾਲੇ ਨੇ, ਦੇਗਾਂ ਵਿਚ ਤਾੜੀ ਲਾਈ ਏ।

# ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਚਰਨਾਂ ਵਿਚ ਸ਼ਰਧਾ ਦੇ ਫੁਲ

ਵਲੋਂ— ਗਿਆਨੀ ਗੋਪਾਲ ਸਿੰਘ 'ਮਿਤਰ' ਮਾਲਬ (ਗੁੜਗਾਉਂ)

ਗੁਰੂ ਨਾਨਕ ਦੇ ਵੰਸ਼ਜ ਤੈਨੂੰ ਕੋਟਬਾਰ ਨਮਸਕਾਰ ਕਰਾਂ।
ਪੜ੍ਹ ਪੜ੍ਹ ਕੇ ਤੇਰੀ ਕਰਣੀ ਨੂੰ ਮੈਂ ਲੱਖ ਵਾਰ ਜੋਹਾਰ ਕਰਾਂ।
ਵਾਚ ਵਾਚ ਕੇ ਜੀਵਨ ਤੇਰਾ ਦਿਲ ਦੇ ਵਿਚ ਵੀਚਾਰ ਕਰਾਂ।
ਧੰਨ "ਧਨ ਜਨਨੀ ਜਿਨ ਜਾਇਆ" ਤੈਨੂੰ ਪਰਨਾਮ ਹਜ਼ਾਰ ਕਰਾਂ।

ਬਾਬਾ 'ਨਿਹਾਲ' ਦੇ ਜੀਵਨ ਚੋਂ ਤੈਨੂੰ ਕਣੀ ਮਿਲੀ ਸੀ ਰਹਿਮਤ ਦੀ।
'ਕਲਾਧਾਰੀ' ਦਾਦਾ ਤੋਂ ਬਖ਼ਸ਼ਿਸ਼ ਪਾਈ ਵਿਰਸਿਉਂ ਮਿੱਠਤ ਦੀ।
ਪਿਤਾ 'ਅਜੀਤ' ਦੀ ਮਿਹਰ ਦੁਆਰਾ ਹੋਈ ਨਜ਼ਰ ਇਨਾਇਤ ਦੀ।
ਗੁੜ੍ਹਤੀ ਮਿਲੀ 'ਸਰੂਪ' ਮਾਤ ਤੋਂ ਗੁਰਬਾਣੀ ਦੀ ਸੰਗਤ ਦੀ।

ਤੇਰਾ ਜੀਵਨ ਸੋਹਣਾ ਗ੍ਰਹਸਤ ਵਿਚ ਇਕ ਵਡ-ਪਰਵਾਰੀ ਜੀਵਨ ਸੀ।
ਇਹ ਜੀਵਨ ਵਸਦੀ ਦੁਨੀਆਂ ਲਈ ਇਕ ਪਰਉਪਕਾਰੀ ਜੀਵਨ ਸੀ।
ਗੁਰੂ ਨਾਨਕ ਗੁਰਮਤ ਮਿਸ਼ਨ ਲਈ ਇਹ ਇਕ ਪਰਚਾਰੀ ਜੀਵਨ ਸੀ।
ਮੋਈਆਂ ਸੁਰਤਾਂ ਜੀਵਾਲਣ ਲਈ ਅੰਮ੍ਰਿਤ ਸੰਚਾਰੀ ਜੀਵਨ ਸੀ।

ਤੇਰੇ ਜੀਵਨ ਦੀ ਚਾਨਣ ਲੋਅ ਲਖਾਂ ਜੀਵਨ ਉਜਿਆਰੇ ਨੇ।
ਗੁਰਮਤ ਰਾਹ ਤੋਂ ਭੁੱਲੇ ਤੂੰ ਲਖਾਂ ਹੀ ਜੀਵ ਸੰਵਾਰੇ ਨੇ।
ਤੂ ਹਿਰਦੇ ਰੋਸ਼ਨ ਕੀਤੇ ਕੱਟੇ ਜਨਮਾਂ ਦੇ ਅੰਧਿਆਰੇ ਨੇ।
ਤੇਰੇ ਉਪਕਾਰਾਂ ਦੇ ਸ਼ਾਹਿਦ ਇਹ ਸੂਰਜ, ਚੰਨ ਤੇ ਤਾਰੇ ਨੇ।

ਤੂ ਅੰਮ੍ਰਿਤ ਧਾਰੀ, ਬ੍ਰਹਮ ਗਿਆਨੀ ਸਿਖ ਪੰਥ ਦਾ ਮਾਣ ਸੈਂ ਤੂੰ।
ਅਰਸ਼ਾਂ ਦੇ ਅੰਦਰ ਝੂਲਦਾ ਹੋਇਆ ਗੁਰਮਤ ਦਾ ਨੀਸਾਣ ਸੈਂ ਤੂੰ।
ਅਸਲੀ ਜੀਵਨ ਜੀਵਣ ਦਾ ਜ਼ਾਹਿਰ ਪ੍ਰਤੱਖ ਪ੍ਰਮਾਣ ਸੈਂ ਤੂੰ।
ਤੂੰ ਅੰਤਰਯਾਮੀ, ਕਲਾਵਾਨ, ਧੁਰ ਦਰਗਾਹੋਂ ਪ੍ਰਵਾਣ ਸੈਂ ਤੂੰ।

ਤੇਰੇ ਪ੍ਰਚਾਰ ਦਾ ਸਦਕਾ ਹੀ ਅਜ ਗੁਲਸ਼ਨ ਤੇ ਹਰਿਆਲੀ ਏ।
ਬਾਬੇ 'ਬਿਕ੍ਰਮ' ਜੀ ਸਿੰਜੀ ਇਹ ਗੁਰਮਤ ਫੁਲਵਾੜੀ ਪਾਲੀ ਏ।
'ਦੇਵਿੰਦਰ' ਬਖ਼ਸ਼ੀ ਮਹਿਕ ਅਜ ਬੈਠਾ 'ਮਧੁਸੂਦਨ' ਮਾਲੀ ਏ।
ਇਹਦੇ ਲਈ ਬਾਬਾ 'ਸੁਜਾਨ' ਨੇ ਘਾਲ ਅਨੋਖੀ ਘਾਲੀ ਏ।
ਚੁਣ ਚੁਣ ਕੇ ਫੁੱਲ ਖਿਆਲਾਂ ਦੇ ਮੈਂ ਇਹ ਦਰਸ਼ਨ ਉਪਹਾਰ ਕਰਾਂ।
ਇਸ ਬੇਦੀ ਬੰਸ ਦੇ ਚਰਨਾਂ ਤੇ 'ਮਿਤਰ' ਪਰਨਾਮ ਹਜ਼ਾਰ ਕਰਾਂ।

## 'ਅਜੂਨੀ' ਬਾਰੇ

ਗਿਆਨੀ ਗੋਪਾਲ ਸਿੰਘ 'ਮਿੱਤਰ'

ਮਿਲਿਆ ਪਰਚਾ ਆਣ 'ਅਜੂਨੀ' ਪ੍ਰਾਪਤ ਹੋਇਆ ਖੇੜਾ।
ਹੋਇਆ ਹਰਿਆ ਭਰਿਆ ਫੇਰ, ਵਿਚਾਰਾਂ ਦਾ ਦਿਲ-ਵੇਹੜਾ।
ਜਿਸ ਫੁਲਾਂ ਨੂੰ ਕੱਠਾ ਕਰਕੇ, ਸੋਹਣਾ ਗੁਲਦਾਨ ਸਜਾਇਆ।
'ਮਿਤਰ ਜੀ' 'ਮਧੁਸੂਦਨ' ਬਾਬਾ, ਸੀਸ ਜਿਦ੍ਹੇ ਤੇ ਸੇਹਰਾ।
ਜਿਸਦੀ ਰਹਿਣੀ, ਬਹਿਣੀ ਤੇ ਕਹਿਣੀ, ਉਚੀ ਸੰਤਾਂ ਵਾਲੀ।
ਗੁਰੂ ਨਾਨਕ ਫੁਲਵਾੜੀ ਦਾ ਜੋ, ਸਫਲ ਸੁਘੜ ਹੈ ਮਾਲੀ।
ਗੁਰਬਾਣੀ, ਗੁਰਮਤਿ ਸੰਦੇਸ਼ੇ, ਜੋ ਘਰ ਘਰ ਪਹੁੰਚਾਵੇ।
'ਮਿਤਰ' ਵਧੇ ਫੁਲੇ ਬੂਟਾ, ਫੁਲ ਦੇਵੇ ਡਾਲੀ ਡਾਲੀ।

---

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

# ਗਰਲਜ਼ ਕਾਲਜ

## ਮਨਸੂਰਾਂ

ਨਗਰ ਦੀ ਪੰਚਾਇਤ ਨੇ ਮਤਾ ਪਾਸ ਕਰ ਦਿੱਤਾ ਹੈ, ਜੋ 20 ਕਿੱਲੇ ਜ਼ਮੀਨ ਗਰਾਮ ਪੰਚਾਇਤ ਦੀ ਕਾਲਜ ਦੇ ਨਾਮ ਲਗ ਜਾਵੇ, ਜਿਸ ਲਈ ਦਰਖਾਸਤਾਂ ਹਕੂਮਤ ਦੇ ਕਰਮਚਾਰੀ ਅਤੇ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੂੰ ਘਲ ਦਿਤੀਆਂ ਹਨ। ਨਾਲ ਮੁਖ ਮੰਤਰੀ ਤੇ ਗੁਰੂ ਘਰ ਦੇ ਮਿੱਤਰ, ਮੰਤਰੀ ਕੈਪਟਨ ਰਤਨ ਸਿੰਘ ਹੋਰਾਂ ਨੂੰ ਬੇਨਤੀ ਕੀਤੀ ਗਈ ਹੈ ਜ ਸਮਾਂ ਨੀਂਹ ਪੱਥਰ ਰਖਣ ਦਾ ਮੁਕਰਰ ਕਰ ਦੇਣ ਤਾਂ ਜੋ ਸੰਗਤਾਂ ਪ੍ਰਤੀ ਸੂਚਨਾ ਦਿਤੀ ਜਾਵੇ। ਆਸ ਹੈ ਛੇਤੀ ਹੀ ਨੀਂਹ ਰਖਣ ਦਾ ਪ੍ਰਬੰਧ ਹੋਵੇਗਾ। ਤੇ ਇਹ ਇਕ ਬੜਾ ਵਡਾ ਸੰਤਾਂ ਦੀ ਗੁਰ ਗੱਦੀ ਵਲੋਂ ਸੇਵਾ ਦਾ ਸਾਧਨ ਹੋਵੇਗਾ। ਦਾਨੀ ਸਜਣ ਨੋਟ ਫੁਰਮਾਉਣ ਜੋ ਇਸ ਕਾਲਜ ਨੂੰ ਕਾਇਮ ਕਰਨ ਤੇ 7 ਲੱਖ ਰੁਪਿਆ ਖਰਚ ਆਉਣਾ ਹੈ ਤੇ ਚਾਲੂ ਰਖਣ ਲਈ ਇਕ ਲਖ ਰੁਪਿਆ ਸਾਲ ਦਾ ਖਰਚ ਹੋਵੇਗਾ।

# ਗੁਰੂ ਨਾਨਕ ਗੁਨ ਗਾਵਉਂ

ਕਵੀ ਕਲ

ਸਵਯੇ ਮਹਲੇ ਪਹਿਲੇ ਕੇ

ੴ ਸਤਿਗੁਰ ਪ੍ਰਸਾਦਿ

**ਇਕ ਮਨਿ, ਪੁਰਖ ਧਿਆਇ ਬਰਦਾਤਾ। ਸੰਤ ਸਹਾਰੁ. ਸਦਾ ਬਿਖਿਆਤਾ ॥**
**ਤਾਸੁ ਚਰਨ ਲੇ ਰਿਦੈ ਬਸਾਵਉ । ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥**

ਅਰਥ :

ਉਸ ਅਕਾਲ ਪੁਰਖ ਨੂੰ ਇਕਾਗਰ ਮਨ ਨਾਲ ਸਿਮਰ ਕੇ, ਜੋ ਬਖ਼ਸ਼ਿਸ਼ਾਂ ਕਰਨ ਵਾਲਾ ਹੈ, ਜੋ ਸੰਤਾਂ ਦਾ ਆਸਰਾ ਹੈ ਅਤੇ ਜੋ ਸਦਾ ਹਾਜ਼ਰ-ਨਾਜ਼ਰ ਹੈ, ਮੈਂ ਉਸ ਦੇ ਚਰਨ ਆਪਣੇ ਹਿਰਦੇ ਵਿਚ ਟਿਕਾਉਂਦਾ ਹਾਂ, ਅਤੇ [ਇਹਨਾਂ ਦੀ ਬਰਕਤਿ ਨਾਲ] ਪਰਮ ਸਤਿਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ ॥ ੧ ॥

**ਗਾਵਉ ਗੁਨ, ਪਰਮ ਗੁਰੂ ਸੁਖ ਸਾਗਰ, ਦੁਰਤ ਨਿਵਾਰਣ, ਸਬਦ ਸਰੇ ॥**
**ਗਾਵਹਿ ਗੰਭੀਰ ਧੀਰ, ਮਤਿ ਸਾਗਰ. ਜੋਗੀ ਜੰਗਮ ਧਿਆਨੁ ਧਰੇ ॥**

ਅਰਥ :

ਮੈਂ ਉਸ ਪਰਮ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹਾਂ, ਜੋ ਪਾਪਾਂ ਦੇ ਦੂਰ ਕਰਨ ਵਾਲਾ ਹੈ ਅਤੇ ਜੋ ਬਾਣੀ ਦਾ ਸੋਮਾ ਹੈ । [ਗੁਰੂ ਨਾਨਕ ਨੂੰ] ਜੋਗੀ, ਜੰਗਮ ਧਿਆਨ ਧਰ ਕੇ ਗਾਉਂਦੇ ਹਨ, ਅਤੇ ਉਹ ਲੋਕ ਗਾਉਂਦੇ ਹਨ ਜੋ ਗੰਭੀਰ ਹਨ, ਜੋ ਧੀਰਜਵਾਨ ਹਨ ਅਤੇ ਜੋ ਉਚੀ ਮਤ ਵਾਲੇ ਹਨ ।

**ਗਾਵਹਿ ਇੰਦ੍ਰਾਦ, ਭਗਤ ਪ੍ਰਹਿਲਾਦਿਕ, ਆਤਮ ਰਸੁ ਜਿਨਿ ਜਾਣਿਓ ॥**
**ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ।।੨॥**

ਅਰਥ :

ਜਿਸ ਗੁਰੂ ਨਾਨਕ ਨੇ ਆਤਮਕ ਆਨੰਦ ਜਾਣਿਆ ਹੈ, ਉਸ ਨੂੰ ਇੰਦਰ ਆਦਿਕ ਅਤੇ ਪ੍ਰਹਿਲਾਦ ਆਦਿਕ ਭਗਤ ਗਾਉਂਦੇ ਹਨ । 'ਕੱਲ' ਕਵੀ [ਆਖਦਾ ਹੈ]—ਮੈਂ ਉਸ ਗੁਰੂ ਨਾਨਕ ਦੇਵ ਜੀ ਦੇ ਸੋਹਣੇ ਗੁਣ ਗਾਉਂਦਾ ਹਾਂ ਜਿਸ ਨੇ ਰਾਜ ਅਤੇ ਜੋਗ ਮਾਣਿਆ ਹੈ' [ਭਾਵ ਜੋ ਗ੍ਰਿਹਸਤੀ ਭੀ ਹੈ ਤੇ ਨਾਲ ਹੀ ਮਾਇਆ ਤੋਂ ਉਪਰਾਮ ਹੋ ਕੇ ਹਰੀ ਦੇ ਨਾਲ ਜੁੜਿਆ ਹੋਇਆ ਹੈ ।] ॥ ੨ ॥

**ਗਾਵਹਿ ਜਨਕਾਦਿ, ਜੁਗਤਿ ਜੋਗੇਸਰੁ, ਹਰਿ ਰਸ ਪੂਰਨ, ਸਰਬ ਕਲਾ ॥**
**ਗਾਵਹਿ ਸਨਕਾਦਿ, ਸਾਧ ਸਿਧਾਦਿਕ, ਮੁਨਿ ਜਨ ਗਾਵਹਿ, ਅਛਲ ਛਲਾ ॥**

ਅਰਥ :

ਜੋ ਗੁਰੂ ਨਾਨਕ ਹਰੀ ਦੇ ਰਸ ਵਿਚ ਭਿੱਜਾ ਹੋਇਆ ਹੈ, ਜੋ ਗੁਰੂ ਨਾਨਕ ਹਰ ਪ੍ਰਕਾਰ ਦੀ ਸੱਤਿਆ ਵਾਲਾ ਹੈ, ਉਸ ਨੂੰ ਜਨਕ ਆਦਿਕ ਵੱਡੇ ਵੱਡੇ ਜੋਗੀਆਂ ਸਮੇਤ ਗਾਉਂਦੇ ਹਨ । ਜਿਸ ਗੁਰੂ ਨਾਨਕ ਨੂੰ ਮਾਇਆ ਨਹੀਂ ਛਲ ਸਕੀ, ਉਸ ਨੂੰ ਰਿਸ਼ੀ ਗਾਉਂਦੇ ਹਨ, ਸਨਕ ਆਦਿਕ ਸਾਧ ਤੇ ਸਿੱਧ ਆਦਿਕ ਗਾਉਂਦੇ ਹਨ ।

ਗਾਵੈ ਗੁਣ ਧੋਮੁ, ਅਟਲ ਮੰਡਲਵੈ, ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ॥੩॥

ਅਰਥ :

ਜਿਸ ਗੁਰੂ ਨਾਨਕ ਨੇ ਭਗਤੀ ਵਾਲੇ ਭਾਵ ਦੁਆਰਾ [ਹਰੀ ਦੇ ਮਿਲਾਪ ਦਾ] ਆਨੰਦ ਜਾਣਿਆ ਹੈ, ਉਸ ਦੇ ਗੁਣਾਂ ਨੂੰ ਧੋਮੁ ਰਿਸ਼ੀ ਗਾਂਦਾ ਹੈ, ਧਰੂ ਭਗਤ ਗਾਂਦਾ ਹੈ। ਕੱਲ ਕਵੀ (ਆਖਦਾ ਹੈ)—'ਮੈਂ ਉਸ ਗੁਰੂ ਨਾਨਕ ਦੇ ਸੋਹਣੇ ਗੁਣ ਗਾਉਂਦਾ ਹਾਂ। ਜਿਸ ਨੇ ਰਾਜ ਤੇ ਜੋਗ ਮਾਣਿਆ ਹੈ' ॥ ੩ ॥

ਗਾਵਹਿ ਕਪਿਲਾਦਿ, ਆਦਿ ਜੋਗੇਸਰੁ, ਅਪਰੰਪਰ ਅਵਤਾਰ ਵਰੋ ॥
ਗਾਵੈ ਜਮਦਗਨਿ ਪਰਸਰਾਮੇਸੁਰ, ਕਰ ਕੁਠਾਰੁ ਰਘੁ ਤੇਜੁ ਹਰਿਓ ॥

ਅਰਥ :

ਕਪਿਲ ਆਦਿਕ ਰਿਸ਼ੀ ਅਤੇ ਪੁਰਾਤਨ ਵੱਡੇ ਵੱਡੇ ਜੋਗੀ ਜਨ ਪਰਮਾਤਮਾ ਦੇ ਸ਼ਰੋਮਣੀ ਅਵਤਾਰ ਗੁਰੂ ਨਾਨਕ ਨੂੰ ਗਾਉਂਦੇ ਹਨ। [ਗੁਰੂ ਨਾਨਕ ਦੇ ਜਸ ਨੂੰ] ਜਮਦਗਨਿ ਦਾ ਪੁੱਤਰ ਪਰਸਰਾਮ ਭੀ ਗਾ ਰਿਹਾ ਹੈ, ਜਿਸ ਦੇ ਹੱਥ ਦਾ ਕੁਹਾੜਾ ਅਤੇ ਜਿਸ ਦਾ ਪ੍ਰਤਾਪ ਸ੍ਰੀ ਰਾਮ ਚੰਦਰ ਜੀ ਨੇ ਖੋਹ ਲਿਆ ਸੀ।

ਉਧਉ ਅਕ੍ਰੂਰੁ ਬਿਦਰੁ ਗੁਣ ਗਾਵੈ, ਸਰਬਾਤਮੁ ਜਿਨਿ ਜਾਣਿਓ ॥
ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ॥੪॥

ਅਰਥ :

ਜਿਸ ਗੁਰੂ ਨਾਨਕ ਨੇ ਸਰਬ-ਵਿਆਪਕ ਹਰੀ ਨੂੰ ਜਾਣ ਲਿਆ [ਡੂੰਘੀ ਸਾਂਝ ਪਾਈ ਹੋਈ ਸੀ] ਉਸ ਦੇ ਗੁਣ ਊਧੋ ਗਾਂਦਾ ਹੈ, ਅਕ੍ਰੂਰ ਗਾਂਦਾ ਹੈ, ਬਿਦਰ ਭਗਤ ਗਾਂਦਾ ਹੈ। ਕੱਲ ਕਵੀ (ਆਖਦਾ ਹੈ)—'ਮੈਂ ਉਸ ਗੁਰੂ ਨਾਨਕ ਦਾ ਸੋਹਣਾ ਜਸ ਗਾਉਂਦਾ ਹਾਂ, ਜਿਸ ਨੇ ਰਾਜ ਤੇ ਜੋਗ ਦੋਵੇਂ ਮਾਣੇ ਹਨ' ॥ ੪ ॥

ਗਾਵਹਿ ਗੁਣ, ਬਰਨ ਚਾਰਿ, ਖਟ ਦਰਸਨ, ਬ੍ਰਹਮਾਦਿਕ ਸਿਮਰੰਥਿ ਗੁਨਾ ॥
ਗਾਵੈ ਗੁਣ ਸੇਸੁ, ਸਹਸ ਜਿਹਬਾ ਰਸ, ਆਦਿ ਅੰਤਿ ਲਿਵ ਲਾਗਿ ਧੁਨਾ ॥

ਅਰਥ :

ਚਾਰੇ ਵਰਣ, ਛੇ ਭੇਖ, ਗੁਰੂ ਨਾਨਕ ਦੇ ਗੁਣ ਗਾ ਰਹੇ ਹਨ, ਬ੍ਰਹਮਾ ਆਦਿਕ ਭੀ ਉਸ ਦੇ ਗੁਣ ਯਾਦ ਕਰ ਰਹੇ ਹਨ। ਸ਼ੇਸ਼ ਨਾਗ ਹਜ਼ਾਰਾਂ ਜੀਭਾਂ ਦੁਆਰਾ ਪ੍ਰੇਮ ਨਾਲ ਇਕ-ਰਸ ਲਿਵ ਦੀ ਧੁਨੀ ਲਗਾ ਕੇ ਗੁਰੂ ਨਾਨਕ ਦੇ ਗੁਣ ਗਾਉਂਦਾ ਹੈ।

ਗਾਵੈ ਗੁਣ, ਮਹਾਦੇਉ ਬੈਰਾਗੀ, ਜਿਨਿ ਧਿਆਨ ਨਿਰੰਤਰਿ ਜਾਣਿਓ ॥
ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ॥ ੫ ॥

ਅਰਥ :

ਜਿਸ ਗੁਰੂ ਨਾਨਕ ਨੇ ਇਕ-ਰਸ ਬਿਰਤੀ ਜੋੜ ਕੇ ਅਕਾਲ ਪੁਰਖ ਨੂੰ ਪਛਾਣਿਆ ਹੈ (ਸਾਂਝ ਪਾਈ ਹੈ), ਉਸ ਦੇ ਗੁਣ ਵੈਰਾਗਵਾਨ ਸ਼ਿਵ ਜੀ (ਭੀ) ਗਾਂਦਾ ਹੈ। ਕੱਲ ਕਵੀ [ਆਖਦਾ ਹੈ]—'ਮੈਂ ਉਸ ਗੁਰੂ ਨਾਨਕ ਦੇ ਗੁਣ ਗਾਂਦਾ ਹਾਂ, ਜਿਸ ਨੇ ਰਾਜ ਤੇ ਜੋਗ ਦੋਵੇਂ ਮਾਣੇ ਹਨ' ॥ ੫ ॥

ਰਾਜੁ ਜੋਗੁ ਮਾਣਿਓ, ਬਸਿਓ ਨਿਰਵੈਰੁ ਰਿਦੰਤਰਿ ॥
ਸ੍ਰਿਸਟਿ ਸਗਲ ਉਧਰੀ ਨਾਮਿ, ਲੇ ਤਰਿਓ ਨਿਰੰਤਰਿ ॥

ਅਰਥ :

(ਗੁਰੂ ਨਾਨਕ ਦੇਵ ਜੀ ਨੇ) ਰਾਜ ਵੀ ਮਾਣਿਆ ਹੈ ਤੇ ਜੋਗ ਭੀ ; ਨਿਰਵੈਰ ਅਕਾਲ ਪੁਰਖ (ਉਹਨਾਂ ਦੇ) ਹਿਰਦੇ ਵਿਚ ਵੱਸ ਰਿਹਾ ਹੈ । (ਗੁਰੂ ਨਾਨਕ ਦੇਵ) ਆਪ ਇਕ-ਰਸ ਨਾਮ ਜਪ ਕੇ ਤਰ ਗਿਆ ਹੈ, ਅਤੇ (ਉਸ ਨੇ) ਸਾਰੀ ਸ੍ਰਿਸ਼ਟੀ ਨੂੰ ਭੀ ਨਾਮ ਦੀ ਬਰਕਤਿ ਨਾਲ ਤਾਰ ਦਿਤਾ ਹੈ ।

ਗੁਣ ਗਾਵਹਿ ਸਨਕਾਦਿ, ਆਦਿ ਜਨਕਾਦਿ ਜੁਗਹ ਲਗਿ ॥
ਧੰਨਿ ਧੰਨਿ ਗੁਰੁ ਧੰਨਿ, ਜਨਮੁ ਸਕਯਥੁ ਭਲੌ ਜਗਿ ॥

ਅਰਥ :

ਸਨਕ ਆਦਿਕ ਬ੍ਰਹਮਾ ਦੇ ਚਾਰੇ ਪੁਤ੍ਰ, ਜਨਕ ਆਦਿਕ ਪੁਰਾਤਨ ਰਿਸ਼ੀ ਕਈ ਜੁੱਗਾਂ ਤੋਂ (ਗੁਰੂ ਨਾਨਕ ਦੇਵ ਜੀ ਦੇ) ਗੁਣ ਗਾ ਰਹੇ ਹਨ ! ਧੰਨ ਹੈ ਗੁਰੂ (ਨਾਨਕ) ! ਧੰਨ ਹੈ ਗੁਰੂ (ਨਾਨਕ) ! ਜਗਤ ਵਿਚ (ਉਸ ਦਾ) ਜਨਮ ਕੈਣਾ ਸਕਾਰਥਾ ਤੇ ਭਲਾ ਹੋਇਆ ਹੈ ।

ਪਾਤਾਲ ਪੁਰੀ ਜੈਕਾਰ ਧੁਨਿ, ਕਬਿ ਜਨ ਕਲ ਵਖਾਣਿਓ ॥
ਹਰਿ ਨਾਮ ਰਸਿਕ ਨਾਨਕ ਗੁਰ, ਰਾਜੁ ਜੋਗੁ ਤੈ ਮਾਣਿਓ ॥ ੬ ॥

ਅਰਥ :

ਦਾਸ ਕੱਲ ਕਵੀ ਬੇਨਤੀ ਕਰਦਾ ਹੈ—'ਹਰੀ ਦੇ ਨਾਮ ਦੇ ਰਸੀਏ ਹੇ ਗੁਰੂ ਨਾਨਕ ! ਪਾਤਾਲ ਲੋਕ ਤੋਂ ਭੀ ਤੇਰੀ ਜੈ ਜੈਕਾਰ ਦੀ ਆਵਾਜ (ਉਠ ਰਹੀ ਹੈ), ਤੂੰ ਰਾਜ ਤੇ ਜੋਗ ਦੋਵੇਂ ਹੀ ਮਾਣੇ ਹਨ' ॥ ੬ ॥

ਸਤਿਜੁਗਿ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸੁ ਕਹਾਇਓ ॥

ਅਰਥ :

(ਹੇ ਗੁਰੂ ਨਾਨਕ !) ਸਤਜੁਗ ਵਿਚ (ਭੀ) ਤੂੰ ਹੀ [ਰਾਜ ਤੇ ਜੋਗ] ਮਾਣਿਆ ਸੀ, ਤੂੰ ਹੀ ਰਾਜਾ ਬਲਿ ਨੂੰ ਛਲਿਆ ਸੀ ਤੇ ਤਦੋਂ ਵਾਮਨ ਅਵਤਾਰ ਬਣਨਾ ਤੈਨੂੰ ਚੰਗਾ ਲੱਗਾ ਸੀ । ਤ੍ਰੇਤੇ ਵਿਚ ਭੀ ਤੂੰ ਹੀ [ਰਾਜ ਤੇ ਜੋਗ] ਮਾਣਿਆ ਸੀ, ਤਦੋਂ ਤੂੰ ਆਪਣੇ ਆਪ ਨੂੰ ਰਘੁਵੰਸੀ ਰਾਮ ਅਖਵਾਇਆ ਸੀ [ਭਾਵ, ਹੇ ਗੁਰੂ ਨਾਨਕ ! ਮੇਰੇ ਵਾਸਤੇ ਤਾਂ ਤੂੰ ਹੀ ਹੈਂ ਵਾਮਨ ਅਵਤਾਰ, ਤੂੰ ਹੀ ਹੈਂ ਰਘੁਵੰਸੀ ਰਾਮ] ।

ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ ॥

ਅਰਥ :

(ਹੇ ਗੁਰੂ ਨਾਨਕ !) ਦੁਆਪੁਰ ਜੁਗ ਵਿਚ ਕ੍ਰਿਸ਼ਨ ਮੁਰਾਰ ਭੀ (ਤੂੰ ਹੀ ਸੈਂ) । ਤੂੰ ਹੀ ਕੰਸ ਨੂੰ [ਮਾਰ ਕੇ] ਮੁਕਤ ਕੀਤਾ ਸੀ । (ਤੂੰ ਹੀ) ਉਗ੍ਰਸੈਣ ਨੂੰ [ਮਥੁਰਾ ਦਾ] ਰਾਜ ਅਤੇ ਆਪਣੇ ਭਗਤ ਜਨਾਂ ਨੂੰ ਨਿਰਭੈਤਾ ਬਖਸ਼ੀ ਸੀ [ਭਾਵ, ਹੇ ਗੁਰੂ ਨਾਨਕ ! ਮੇਰੇ ਵਾਸਤੇ ਤਾਂ ਤੂੰ ਹੀ ਹੈਂ ਸ੍ਰੀ ਕ੍ਰਿਸ਼ਨ] ।

ਕਲਿਜੁਗਿ ਪ੍ਰਮਾਣੁ ਨਾਨਕ, ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲ, ਆਦਿ ਪੁਰਖਿ ਫੁਰਮਾਇਓ ॥ ੭ ॥

ਅਰਥ :

ਹੇ ਗੁਰੂ ਨਾਨਕ ! ਕਲਜੁਗ ਵਿਚ (ਭੀ ਤੂੰ ਹੀ) ਸਮਰੱਥਾ ਵਾਲਾ ਹੈਂ, (ਤੂੰ ਹੀ ਆਪਣੇ ਆਪ ਨੂੰ) ਗੁਰੂ ਅੰਗਦ ਅਤੇ ਗੁਰੂ ਅਮਰ ਦਾਸ ਅਖਵਾਇਆ ਹੈ । (ਇਹ ਤਾਂ ਅਕਾਲ ਪੁਰਖ ਨੇ (ਹੀ) ਹੁਕਮ ਦੇ ਰੱਖਿਆ ਹੈ ਕਿ ਸ੍ਰੀ ਗੁਰੂ [ਨਾਨਕ ਦੇਵ ਜੀ] ਦਾ ਰਾਜ ਸਦਾ ਥਿਰ ਤੇ ਅਟੱਲ ਹੈ ॥ ੭ ॥

ਗੁਣ ਗਾਵੈ ਰਵਿਦਾਸੁ ਭਗਤ ਜੈਦੇਵ ਤ੍ਰਿਲੋਚਨ ॥
ਨਾਮਾ ਭਗਤੁ ਕਬੀਰੁ, ਸਦਾ ਗਾਵਹਿ ਸਮਲੋਚਨ ॥

ਅਰਥ :

(ਉਸ ਗੁਰੂ ਨਾਨਕ ਦੇ) ਗੁਣ ਰਵਿਦਾਸ ਭਗਤ ਗਾ ਰਿਹਾ ਹੈ, ਜੈਦੇਵ ਤੇ ਤ੍ਰਿਲੋਚਨ ਗਾ ਰਹੇ ਹਨ, (ਜੋ) ਅਕਾਲਪੁਰਖ ਨੂੰ ਆਪਣੇ ਨੇਤ੍ਰਾਂ ਨਾਲ ਸਭ ਥਾਈਂ ਵੇਖ ਰਿਹਾ ਹੈ ।

ਭਗਤੁ ਬੇਣਿ ਗੁਣ ਰਵੈ, ਸਹਜਿ ਆਤਮ ਰੰਗੁ ਮਾਣੈ ॥
ਜੋਗ ਧਿਆਨਿ ਗੁਰ ਗਿਆਨਿ, ਬਿਨਾ ਪ੍ਰਭ ਅਵਰੁ ਨ ਜਾਣੈ ॥

ਅਰਥ :

(ਜੋ ਗੁਰੂ ਨਾਨਕ) ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੇ ਮਿਲਾਪ ਦੇ ਸੁਆਦ ਨੂੰ ਮਾਣਦਾ ਹੈ, (ਜੋ ਗੁਰੂ ਨਾਨਕ) ਗੁਰੂ ਦੇ ਗਿਆਨ ਦੀ ਬਰਕਤਿ ਨਾਲ ਅਕਾਲ ਪੁਰਖ ਵਿਚ ਸੁਰਤੀ ਜੋੜ ਕੇ ਉਸ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਜਾਣਦਾ, (ਉਸ ਦੇ) ਗੁਣਾਂ ਨੂੰ ਬੇਣੀ ਭਗਤ ਗਾਂ ਰਿਹਾ ਹੈ ।

ਸੁਖਦੇਉ ਪਰੀਖੁਤੁ ਗੁਣ ਰਵੈ, ਗੋਤਮ ਰਿਖਿ ਜਸੁ ਗਾਇਓ ॥
ਕਬਿ ਕਲ, ਸੁਜਸੁ ਨਾਨਕ ਗੁਰ, ਨਿਤ ਨਵਤਨੁ ਜਗਿ ਛਾਇਓ ॥ ੮ ॥

ਅਰਥ :

ਸੁਖਦੇਵ ਰਿਸ਼ੀ (ਗੁਰੂ ਨਾਨਕ ਦੇ ਗੁਣ) ਗਾ ਰਿਹਾ ਹੈ ਅਤੇ (ਰਾਜਾ) ਪਰੀਖਤ (ਭੀ ਗੁਰੂ ਨਾਨਕ ਦੇ) ਗੁਣਾਂ ਨੂੰ ਗਾ ਰਿਹਾ ਹੈ । ਗੋਤਮ ਰਿਸ਼ੀ ਨੇ (ਭੀ ਗੁਰੂ ਨਾਨਕ ਦਾ ਹੀ) ਜਸ ਗਾਂਵਿਆ ਹੈ । ਹੇ ਕੱਲ ਕਵੀ ! ਗੁਰੂ ਨਾਨਕ (ਦੇਵ ਜੀ) ਦੀ ਸੋਹਣੀ ਸੋਭਾ ਨਿੱਤ ਨਵੀਂ ਹੈ ਅਤੇ ਜਗਤ ਵਿਚ ਆਪਣਾ ਪ੍ਰਭਾਵ ਪਾ ਰਹੀ ਹੈ ॥ ੮ ॥

---

# ਜ਼ਰੂਰੀ ਬੇਨਤੀ

ਲਿਖਾਰੀ ਸੱਜਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ

ਕਿ ਆਪਣੀਆਂ ਰਚਨਾਵਾਂ; ਕਵਿਤਾਵਾਂ ਸਾਫ਼ ਸੁਧ ਤੇ ਕਾਗਜ਼ ਦੇ ਇਕ ਪਾਸੇ ਲਿਖ ਕੇ ਘਲਿਆ ਕਰਨ ।

–ਮੈਨੇਜਰ

# ਬਾਬਾ ਸਾਹਿਬ ਸਿੰਘ ਜੀ ਬੇਦੀ

(ਗਿਆਨੀ ਦਇਆ ਸਿੰਘ ਜੀ ਦਿਲਬਰ)

ਬਾਬੇ ਨਾਨਕ ਦੇ ਡੇਹਰੇ ਵਿਚ ਹੋਇਆ ਚਾਨਣ,
ਕੋਈ ਨਵੀਆਂ ਹੀ ਜੋਤਾਂ ਜਗਾਣ ਆਇਆ।
ਸਰੂਪ ਕੌਰ ਦੀ ਕੁਖ ਨੂੰ ਭਾਗ ਲੱਗਾ,
ਜਿਸ ਦੀ ਗੋਦ ਵਿਚ ਪੁਰਖ ਮਹਾਨ ਆਇਆ।
ਖਿੜੀ ਆਤਮਾ ਬਾਬੇ ਅਜੀਤ ਸਿੰਘ ਦੀ,
ਜਿਸ ਦੇ ਘਰ ਵਿਚ ਯੋਧਾ ਬਲਵਾਨ ਆਇਆ।
ਸਾਹਿਬ ਸਿੰਘ ਹੀ ਮਾਤਾ ਨੇ ਨਾਮ ਰੱਖਿਆ;
ਸਾਹਿਬ ਆਪ ਹੋ ਕੇ ਮਿਹਰਵਾਨ ਆਇਆ,

ਸੰਮਤ ਅਠਾਰਾਂ ਸੌ ਤੇਰਾਂ ਤੇ ਮਾਹ ਚੇਤਰ,
ਮਹਾਂ ਬਲੀ ਉਹ ਧਾਰ ਅਵਤਾਰ ਆਇਆ।
ਜਿਸ ਨੇ ਕੌਮ ਦੀ ਬਦਲ ਤਕਦੀਰ ਦਿਤੀ,
ਪੰਥ ਖਾਲਸੇ ਦਾ ਸ਼ਾਹ ਅਸਵਾਰ ਆਇਆ।

ਕਲਾਧਾਰੀ ਦੇ ਪੋਤਰੇ ਕਲਾ ਵਾਲੇ,
ਊਨੇ ਸਾਹਿਬ ਆ ਕੇ ਡੇਰੇ ਲਾ ਦਿਤੇ।
ਥਾਂ ਥਾਂ ਤੇ ਸਾਰੇ ਹੀ ਦੇਸ਼ ਅੰਦਰ,
ਨਾਮ ਬਾਣੀ ਦੇ ਸੋਮੇ ਚਲਾ ਦਿਤੇ।
ਅੰਮ੍ਰਿਤ ਛਕਣ ਅਨੰਦਪੁਰ ਗਏ ਬਾਬੇ,
ਉਥੇ ਹੋਰ ਹੀ ਕੌਤਕ ਵਰਤਾ ਦਿਤੇ।
ਦਸਮ ਪਿਤਾ ਜੀ ਅੰਮ੍ਰਿਤ ਛਕਾਉਣ ਆਏ,
ਸਿੰਘ ਰੂਪ ਵਿਚ ਦਰਸ਼ਨ ਦਿਖਾ ਦਿਤੇ।

ਮਹਾਂ ਬਲੀ ਤਪੱਸਵੀ ਬੀਰ ਯੋਧਾ,
ਅੰਮ੍ਰਿਤ ਧਾਰੀ ਉਹ ਬੇਦੀ ਸਰਦਾਰ ਆਇਆ।
ਜਿਸ ਨੂੰ ਕਦੇ ਪੰਜਾਬ ਨਹੀਂ ਭੁਲ ਸਕਦਾ,
ਪੰਥ ਖਾਲਸੇ ਦਾ ਸ਼ਾਹ ਅਸਵਾਰ ਆਇਆ।

ਹੰਨੇ ਹੰਨੇ ਦੀਆਂ ਤੋੜ ਸਰਦਾਰੀਆਂ ਨੂੰ,
ਸਿਖ ਰਾਜ ਦਾ ਹਾਰ ਬਣਾਇਆ ਜਿਸ ਨੇ।
ਬਾਦਸ਼ਾਹ ਬਣਾ ਕੇ ਰਣਜੀਤ ਸਿੰਘ ਨੂੰ,
ਰਾਜ ਭਾਗ ਦੇ ਤਖਤ ਬਿਠਾਇਆ ਜਿਸ ਨੇ।

ਰਾਜਧਾਨੀ ਲਾਹੌਰ ਦਰਬਾਰ ਕਰ ਕੇ,
ਹਥੀਂ ਆਪਣੀ ਤਿਲਕ ਲਗਾਇਆ ਜਿਸ ਨੇ ।
ਸ਼ੇਰ ਸ਼ਾਹ ਬਣ ਕੇ ਮਦਦਗਾਰ ਬਣ ਕੇ,
ਝੰਡਾ ਖਾਲਸਈ ਉਚਾ ਝੁਲਾਇਆ ਜਿਸ ਨੇ ।

ਚੜ੍ਹੀਆਂ ਨੈਣਾਂ ਨੂੰ ਨਾਮ ਖੁਮਾਰੀਆਂ ਸੀ,
ਨਾਲ ਮਾਲਾ ਦੇ ਲੈ ਕੇ ਤਲਵਾਰ ਆਇਆ।
ਮੋਹਰੀ ਦਲਾਂ ਦਾ ਤੇ ਧਨੀ ਬੀਰਤਾ ਦਾ,
ਪੰਥ ਖਾਲਸੇ ਦਾ ਸ਼ਾਹ ਅਸਵਾਰ ਆਇਆ।

ਉਹਦੀ ਤੇਗ ਨੇ ਖਾਨ ਮਲੇਰੀਏ ਜਹੇ,
ਪਲ ਵਿਚ ਧੂੜ ਦੇ ਵਾਂਗ ਉਡਾ ਦਿਤੇ।
ਉਹਦੇ ਜੋਸ਼ ਵਿਚ ਛੱਡੇ ਜੈਕਾਰਿਆਂ ਨੇ,
ਸੀ ਅੰਗਰੇਜ਼ ਦੇ ਛੱਕੇ ਛੁੜਾ ਦਿਤੇ।
ਉਹਦੀ ਨੀਤੀ ਨੇ ਕੌਮ 'ਚੋਂ ਫੁਟ ਕੱਢ ਕੇ,
ਨੀਤਵਾਨਾਂ ਦੇ ਥੰਮ੍ਹ ਹਿਲਾ ਦਿਤੇ।
ਉਹਦੇ ਮੱਥੇ ਤੇ ਪਈਆਂ ਤਿਊੜੀਆਂ ਨੇ,
ਵਾਲੀ ਤਖ਼ਤ ਦੇ ਥਰ ਥਰ ਕੰਬਾ ਦਿਤੇ।

ਜਿਸ ਨੇ ਖਾਲਸੇ ਨੂੰ ਜਥੇਬੰਦ ਕੀਤਾ,
ਬ੍ਰਹਮ ਗਿਆਨੀ ਮੁਜੱਸਮਾ ਪਿਆਰ ਆਇਆ।
ਸਿਖ ਕੌਮ ਦੀ ਸ਼ਾਨ ਬਲੰਦ ਕਰਨੇ,
ਪੰਥ ਖਾਲਸੇ ਦਾ ਸ਼ਾਹ ਅਸਵਾਰ ਆਇਆ।

ਜਿਸ ਨੇ ਪਲਾਂ ਵਿਚ ਮਸਲੇ ਸੁਲਝਾ ਦਿਤੇ,
ਸੀ ਸੰਦੇਹ ਗੜ੍ਹੀਆਂ ਤੇ ਜਸਵਾਲੀਆਂ ਦੇ,
ਜਿਸ ਦੀ ਸਿਆਣਪ ਨੇ ਝਗੜੇ ਕਾਫੂਰ ਕੀਤੇ,
ਜਾ ਕੇ ਨਾਭੇ ਪਟਿਆਲੇ ਦਿਆਂ ਵਾਲੀਆਂ ਦੇ,
ਜਿਸ ਦੇ ਪਿਆਰ ਨੇ ਗੁਸੇ ਅਲੋਪ ਕੀਤੇ,
ਫੂਲਾ ਸਿੰਘ ਜਹੇ ਯੋਧੇ ਅਕਾਲੀਆਂ ਦੇ।
ਜਿਸ ਦੇ ਦਾਨ ਨੇ ਭੁਖੇ ਰਜਾ ਦਿਤੇ,
ਪੱਲੇ ਭਰਤੇ ਕਈਆਂ ਸਵਾਲੀਆਂ ਦੇ ।

ਜਿਸ ਦੀ ਧੂੜ ਲੈ ਕੇ ਮਨਮੁਖ ਸੰਤ ਬਣ ਗਏ,
'ਦਿਲਬਰ' ਉਹ ਬੇੜੇ ਤਾਰਨ ਹਾਰ ਆਇਆ।
ਜਿਸ ਨੇ ਬੀਰ ਸਿੰਘ ਜਹੇ ਬੀਰ ਸੰਤ ਸਾਜੇ,
ਪੰਥ ਖਾਲਸੇ ਦਾ ਸ਼ਾਹ ਅਸਵਾਰ ਆਇਆ।

# ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

ਸੰਪਾਦਕ : ਡਾ. ਗੰਡਾ ਸਿੰਘ ਜੀ

ਕੇਸਰਾ ਸਿੰਘ ਜਿਹੇ ਕੁਝ ਸੋਢੀ ਅਤੇ ਕੇਸਗੜ੍ਹ ਦੇ ਕੁਝ ਨਿਹੰਗਾਂ ਨੇ, ਜੋ ਗੁਰੂ ਸਾਹਿਬ ਦੀ ਵਧਦੀ ਵਡਿਆਈ ਅਤੇ ਸੁਭਾਗ ਤੋਂ ਸੜਦੇ ਸਨ, ਇਹ ਮਤਾ ਕੀਤਾ ਕਿ ਜੇ ਗੁਰੂ ਸਾਹਿਬ ਅਨੰਦਪੁਰ ਸਾਹਿਬ ਵਿਚ ਨਾ ਰਹਿਣ ਤਾਂ ਠੀਕ ਹੈ। ਇਸ ਲਈ ਸੋਢੀਆਂ ਨੇ ਕੇਸਗੜ੍ਹੀਏ ਨਿਹੰਗਾਂ ਨੂੰ ਚੁੱਕ ਕੇ ਫਸਾਦ ਕਰਨ ਲਈ ਤਿਆਰ ਕੀਤਾ। ਉਹ ਬੇਦੀ ਸਾਹਿਬ ਕੋਲ ਆਏ ਅਤੇ ਅਪਮਾਨ ਭਰੇ ਸ਼ਬਦ ਬੋਲੇ। ਉਨ੍ਹਾਂ ਕਿਹਾ ਕਿ ਇਹ ਥਾਂ ਸੋਢੀ ਸਾਹਿਬਾਨ, ਸਿੰਘਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਹੈ। ਤੁਸੀਂ ਬੇਦੀ ਸਾਹਿਬ ਹੋ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਹ ਥਾਂ ਛੱਡ ਕੇ ਊਨਾ ਸਾਹਿਬ ਜਾਂ ਦੇਹਰਾ ਸਾਹਿਬ ਚਲੇ ਜਾਓ। ਬੇਦੀ ਸਾਹਿਬ ਦੇ ਕੁਝ ਬੰਦਿਆਂ ਨੇ ਉਨ੍ਹਾਂ ਨੂੰ ਸਮਝਾਉਣ ਲਈ ਕਿਹਾ ਕਿ ਤੁਸੀਂ ਸਾਰੇ ਸਿੱਖ ਹੋ ਅਤੇ ਗੁਰੂ ਨਾਨਕ ਦੇਵ ਜੀ ਦੇ ਖਾਨਦਾਨ ਦੇ ਸੇਵਕ ਹੋ। ਬੇਦੀ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਖਾਨਦਾਨ ਅਤੇ ਉਨ੍ਹਾਂ ਦੀ ਖਾਸ ਉਲਾਦ ਦੇ ਸਿਰਤਾਜ ਹਨ, ਤੁਹਾਨੂੰ ਇਨ੍ਹਾਂ ਦੀ ਬਰਾਬਰੀ ਨਹੀਂ ਕਰਨੀ ਚਾਹੀਦੀ। ਨਿਹੰਗਾਂ ਨੇ ਕਿਹਾ ਕਿ ਅਸੀਂ ਇਨ੍ਹਾਂ ਦੇ ਸਿੱਖ ਨਹੀਂ। ਗੁਰੂ ਸਾਹਿਬ ਮੁਸਕਰਾਏ ਅਤੇ ਉਨ੍ਹਾਂ ਕਿਹਾ ਕਿ ਜੇ ਤੁਸੀਂ ਸਾਡੇ ਸਿੱਖ ਨਹੀਂ ਤਾਂ ਅਸੀਂ ਤੁਹਾਡੇ ਕੋਲੋਂ ਸਿੱਖੀ ਦੀ ਨਿਸ਼ਾਨੀ ਖੋਹ ਲਵਾਂਗੇ। ਉਨ੍ਹਾਂ ਲੋਕਾਂ ਵਿਚ ਏਨੀ ਸੱਤਾ ਨਹੀਂ ਸੀ ਕਿ ਉਹ ਗੁਰੂ ਸਾਹਿਬ ਨਾਲ ਲੜਦੇ ਜਾਂ ਮੁਕਾਬਲਾ ਕਰਦੇ। ਉਹ ਸ਼ਰਮਿੰਦੇ ਹੋ ਕੇ ਚਲੇ ਗਏ। ਰਾਤ ਨੂੰ ਜਦ ਉਹ ਸੌਂ ਰਹੇ ਸਨ, ਚਾਰ ਪੰਜ ਬੰਦਿਆਂ ਦੇ ਸਿਰਾਂ ਤੋਂ ਕੇਸ ਉਤਰ ਗਏ ਅਤੇ ਉਹ ਰੋਡੇ ਹੋ ਗਏ। ਸਵੇਰੇ ਇਹ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਉਹ ਲੋਕ ਬਹੁਤ ਸ਼ਰਮਿੰਦਾ ਹੋਏ ਅਤੇ ਕਹਿਣ ਲੱਗੇ ਕਿ ਅਨੰਤੀ ਮਾਈ ਜੋ ਬੇਦੀ ਸਾਹਿਬ ਦੀ ਸੇਵਾ ਵਿਚ ਰਹਿੰਦੀ ਹੈ, ਉਸ ਨੇ ਜਾਦੂ ਕਰਕੇ ਇਹ ਸ਼ਰਾਰਤ ਕੀਤੀ ਹੈ। ਸਰਦਾਰ ਸੁੱਧ ਸਿੰਘ ਸਾਨੀਵਾਲਾ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਸੀ। ਉਸ ਨੇ ਅਰਜ਼ ਕੀਤੀ ਕਿ ਹਜ਼ੂਰ ਇਹ ਲੋਕ ਬੇਅਕਲ ਹਨ। ਇਨ੍ਹਾਂ ਨੂੰ ਮਾਰਨ ਤੋਂ ਕੋਈ ਲਾਭ ਨਹੀਂ। ਆਪਦਾ ਸਭਾਗ ਦਿਨ ਬਦਿਨ ਵਧਦਾ ਜਾ ਰਿਹਾ ਹੈ। ਸੋਢੀਆਂ ਅਤੇ ਨਿਹੰਗਾਂ ਦਾ ਸਭਾਗ ਨਿਤ ਘਟਦਾ ਜਾਏਗਾ। ਗੁਰੂ ਸਾਹਿਬ ਉਥੋਂ ਚਲਕੇ ਬੰਦ ਲੜ੍ਹੀ ਅਤੇ ਊਨਾ ਸਾਹਿਬ ਆਏ। ਭਾਵੇਂ ਬੇਦੀ ਸਾਹਿਬ ਕੋਲ ਉਨ੍ਹਾਂ ਦੇ ਤਿੰਨ ਪਿੰਡਾਂ ਤੋਂ ਸਿਵਾ ਹੋਰ ਕੋਈ ਜਾਗੀਰ ਨਹੀਂ ਸੀ, ਪਰ ਸੰਗਤ ਦੇ ਚੜ੍ਹਾਵੇ ਦੀ ਏਨੀ ਆਮਦਨੀ ਸੀ, ਕਿ ਦਿਹਰੇ ਦੀ ਰੌਣਕ ਬਹੁਤ ਵਧ ਗਈ। ਦੇਹਰੇ ਵਿਚ ਕਈ ਸੌ ਆਦਮੀ ਨੌਕਰ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤ, ਕਈ ਘੋੜੇ ਅਤੇ ਦੋ ਤਿੰਨ ਹਾਥੀ ਸਨ ਅਤੇ ਲੰਗਰ ਆਮ ਚਲਦਾ ਸੀ।

ਸੰਮਤ 1851 ਮੁਤਾਬਿਕ ਸੰਨ 1794 ਈ. ਵਿਚ ਗੁਰੂ ਸਾਹਿਬ ਸਤਲੁਜ ਦਰਿਆ ਤੋਂ ਪਾਰ ਮਾਲਵੇ ਵੱਲ ਗਏ। ਬਾਉਲੀ ਸਾਹਿਬ ਦਾ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੰਗ ਦਾ ਸਥਾਨ ਹੈ, ਦਰਸ਼ਨ ਕਰਕੇ ਬਨੂੜ ਬੂੜੀਆ ਅਤੇ ਜਗਾਧਰੀ ਚਲੇ ਗਏ। ਬਨੂੜ ਬੂੜੀਏ ਦੇ ਸਰਦਾਰ ਅਤੇ ਜਗਾਧਰੀ ਵਾਲਾ ਸਰਦਾਰ ਹਰੀ ਸਿੰਘ, ਸੰਗਤ ਅਤੇ ਹਜ਼ਾਰਾਂ ਸੇਵਕਾਂ ਨੇ ਹਾਜ਼ਰ ਹੋ ਕੇ ਘੋੜੇ, ਰੁਪਈਏ, ਕੱਪੜੇ ਅਤੇ ਅਨਾਜ ਭੇਟਾ ਕੀਤੇ। ਅੰਬਾਲੇ ਦੀ ਸਰਦਾਰਨੀ ਨੇ ਗੁਰੂ ਸਾਹਿਬ ਦਾ ਡੇਰਾ ਦਸ ਦਿਨ ਅੰਬਾਲੇ ਰੱਖਿਆ ਅਤੇ ਆਪਣੇ ਵਿਤ ਅਨੁਸਾਰ ਮਾਇਆ ਅਤੇ ਇਕ ਘੋੜਾ ਗੁਰੂ ਸਾਹਿਬ ਨੂੰ ਭੇਟਾ ਕੀਤਾ।

ਫੇਰ ਗੁਰੂ ਸਾਹਿਬ ਲਸ਼ਕਰੀ ਖਾਂ ਦੀ ਸਰਾਂ ਵਿਚ ਉਤਰੇ। ਉਥੇ ਤੁਰਕਾਂ ਨੇ ਬੇਦੀ ਸਾਹਿਬ ਦੇ ਇਕ ਬੰਦੇ ਨੂੰ ਬੰਦੂਕ ਨਾਲ ਮਾਰ ਦਿੱਤਾ। ਇਸ ਤੇ ਯੁੱਧ ਹੋਇਆ। ਵੈਰੀਆਂ ਦੇ ਬਹੁਤ ਸਾਰੇ ਬੰਦੇ ਮਰੇ ਅਤੇ ਫੱਟੜ ਹੋਏ ਅਤੇ ਬਾਰਾਂ

ਆਦਮੀ ਬੇਦੀ ਸਾਹਿਬ ਦੇ ਵੀ ਸ਼ਹੀਦ ਹੋਵੇ। ਸਰਦਾਰ ਕਰਮ ਸਿੰਘ ਨਿਰਮਲਾ ਨੂੰ ਜਦ ਪਤਾ ਲਗਾ ਤਾਂ ਉਹ ਵੀ ਆਪਣੀ ਫ਼ੌਜ ਲੈ ਕੇ ਉਥੇ ਆਇਆ ਅਤੇ ਬੇਨਤੀ ਕੀਤੀ ਕਿ ਮੈਨੂੰ ਹੁਕਮ ਬਖਸ਼ੋ, ਮੈਂ ਇਨ੍ਹਾਂ ਸਾਰਿਆਂ ਨੂੰ ਕਤਲ ਕਰ ਦਿੰਦਾ ਹਾਂ। ਉਹ ਫਸਾਦੀ ਲੋਕ ਇਹ ਖਬਰ ਸੁਣਕੇ ਰਾਤੀਂ ਭੱਜ ਗਏ ਅਤੇ ਅਤਾਉਲਾ ਖਾਂ ਮਲੇਰ ਕੋਲ ਜਾ ਲੁਕੇ।

ਉਥੋਂ ਚਲ ਕੇ ਗੁਰੂ ਸਾਹਿਬ ਅੰਬਾਲੇ ਆਏ। ਸਰਦਾਰ ਬਘੇਲ ਸਿੰਘ, ਸਰਦਾਰ ਸੰਗਤ ਸਿੰਘ ਅਤੇ ਦੁਆਬੇ ਦੇ ਸਰਦਾਰ, ਮਹਾਰਾਜਾ ਪਟਿਆਲਾ, ਨਾਭਾ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ। ਤੀਜੇ ਪਹਿਰ ਦੇ ਦੀਵਾਨ ਵਿਚ ਗੁਰੂ ਸਾਹਿਬ ਅਤੇ ਸਾਰੇ ਰਾਜੇ ਬੈਠੇ ਸਨ ਕਿ ਇਕ ਬ੍ਰਾਹਮਣ ਉੱਚੇ ਉੱਚੇ ਕਹਿਣ ਲੱਗਾ ਕਿ ਇਹ ਦੀਵਾਨ ਗੁਰੂ ਸਾਹਿਬ ਦਾ ਹੈ ਇਥੇ ਰਾਜੇ, ਸਰਦਾਰ ਅਤੇ ਸਿੰਘ ਹਾਜ਼ਰ ਹਨ। ਮੇਰੀ ਫਰਿਆਦ ਸੁਣਕੇ ਇਨਸਾਫ ਕਰਨਾ। ਅਤਾਉਲਾ ਖਾਂ ਮਲੇਰ ਨੇ ਮੇਰੀ ਪਤਨੀ ਨੂੰ ਜ਼ਬਰ ਦਸਤੀ ਖੋਹ ਲਿਆ ਹੈ। ਮੇਰੀ ਇਸਤ੍ਰੀ ਉਸ ਤੋਂ ਛਡਵਾ ਦੇਵੋ ਅਤੇ ਉਸ ਨੂੰ ਇਸ ਕੁਕਰਮ ਦਾ ਬਦਲਾ ਵੀ ਦਿਓ। ਇਸ ਲਈ ਗੁਰੂ ਸਾਹਿਬ ਨੇ ਸਾਰੇ ਹਾਜ਼ਰ ਰਾਜਿਆਂ ਅਤੇ ਸਰਦਾਰਾਂ ਨੂੰ ਕਿਹਾ ਕਿ ਤੁਸੀਂ ਸਾਰੇ ਹਿੰਦੂ, ਖਾਲਸੇ ਅਤੇ ਛੱਤਰੀ ਹੋ ਅਤੇ ਗੁਰੂ ਸਾਹਿਬ ਦੇ ਮੱਤ ਦੇ ਧਾਰਨੀ ਹੋ। ਇਸ ਬ੍ਰਾਹਮਣ ਦੀ ਸਹਾਇਤਾ ਕਰੋ। ਦੂਜੇ ਇਹ ਵੀ ਸੁਣਿਆ ਜਾਂਦਾ ਹੈ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਤੁਰਕਾਂ ਦੀ ਫ਼ੌਜ ਨਾਲ ਟਾਕਰਾ ਹੋਇਆ, ਤਾਂ ਮਲੇਰਾਂ ਦਾ ਬਜ਼ੁਰਗ ਵੀ ਨਾਲ ਸੀ। ਗੁਰੂ ਸਾਹਿਬ ਦੇ ਮਹਿਲ ਦੀ ਇਕ ਨੌਕਰਾਣੀ ਗੋਡੇ ਵਿਚ ਤੀਰ ਲਗਣ ਨਾਲ ਘਾਇਲ ਹੋ ਕੇ ਬੇਹੋਸ਼ ਹੋ ਗਈ ਸੀ। ਉਸ ਨੂੰ ਉਹ ਪਠਾਣ ਚੁੱਕ ਕੇ ਲੈ ਗਿਆ ਸੀ। ਉਹ ਉਥੇ ਮਰ ਗਈ। ਉਸ ਦੀ ਲਾਸ਼ ਨੂੰ ਉਸ ਨੇ ਕਿਲਾ ਮਲੇਰ ਵਿਚ ਦੱਬ ਦਿੱਤਾ ਸੀ। ਸਿੱਖਾਂ ਸੇਵਕਾਂ ਨੂੰ ਗੁਰੂ ਦੇ ਮਹਿਲ ਦੀਆਂ ਨੌਕਰਾਣੀਆਂ ਵੀ ਮਾਤਾਵਾਂ ਦੇ ਤੁੱਲ ਹੁੰਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਉਸ ਲਾਸ਼ ਨੂੰ ਵੀ ਉਥੋਂ ਕਢਵਾ ਕੇ ਹਿੰਦੂ ਧਰਮ ਅਨੁਸਾਰ ਸਸਕਾਰ ਕਰਨਾ ਚਾਹੀਦਾ ਹੈ। ਉਸੇ ਸਮੇਂ ਸਾਰੇ ਰਾਜਿਆਂ ਨੇ ਸਮਝ ਲਿਆ ਕਿ ਗੁਰੂ ਸਾਹਿਬ ਦਾ ਮਨਸ਼ਾ ਕਿਲਾ ਮਲੇਰ ਨੂੰ ਯੁੱਧ ਕਰਕੇ ਜਿੱਤਣ ਦਾ ਹੈ। ਉਨ੍ਹਾਂ ਨੇ ਬੇਨਤੀ ਕੀਤੀ ਕਿ ਅਸੀਂ ਹਾਜ਼ਰ ਹਾਂ, ਜੋ ਹਜ਼ੂਰ ਹੁਕਮ ਦੇਵੋਗੇ, ਪਾਲਨਾ ਕਰਾਂਗੇ। ਪਰ ਜਦ ਇਹ ਖਬਰ ਅਤਾਉਲਾ ਖਾਂ ਨੂੰ ਮਿਲੀ, ਉਸ ਨੇ ਤੁਰਤ ਹੀ ਆਪਣੇ ਵਕੀਲ ਮਹਾਰਾਜਾ ਪਟਿਆਲਾ, ਨਾਭਾ ਆਦਿ ਪਾਸ ਭੇਜ ਕੇ ਅਤੇ ਉਨ੍ਹਾਂ ਨੂੰ ਲਾਲਚ ਦੇ ਕੇ ਗੁਰੂ ਸਾਹਿਬ ਨਾਲ ਮਿਲਣ ਤੋਂ ਰੋਕ ਦਿੱਤਾ। ਇਥੇ ਤੀਕ ਕਿ ਸਾਰੇ ਰਾਜੇ ਅਤੇ ਸਰਦਾਰ ਗੁਰੂ ਸਾਹਿਬ ਤੋਂ ਫਿਰ ਗਏ, ਕੇਵਲ ਸਰਦਾਰ ਹਰੀ ਸਿੰਘ, ਦਰਬਾਰਾ ਸਿੰਘ ਅਤੇ ਕੁਝ ਨਿਹੰਗ ਉਨ੍ਹਾਂ ਦੇ ਨਾਲ ਰਹਿ ਗਏ। ਬੇਦੀ ਸਾਹਿਬ ਨੇ ਸਾਰੇ ਰਾਜਿਆਂ ਨੂੰ ਕਿਹਾ ਕਿ ਜੋ ਕੋਈ ਸਿੱਖ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਉਲਾਦ ਦੇ ਸ਼ਰੋਮਣੀ ਬੇਦੀ ਸਾਹਿਬ ਨੂੰ ਛਡੇਗਾ, ਉਹ ਗੁਰੂ ਦਾ ਸਿੱਖ ਕਿਵੇਂ ਕਹਾਏਗਾ। ਬੇਦੀ ਸਾਹਿਬ ਨੇ ਕਿਹਾ ਕਿ ਸਾਨੂੰ ਕੇਵਲ ਇਕ ਅਕਾਲ ਪੁਰਖ ਦੀ ਸਹਾਇਤਾ ਚਾਹੀਦੀ ਹੈ, ਹੋਰ ਕਿਸੇ ਦੀ ਮਦਦ ਦੀ ਲੋੜ ਨਹੀਂ।

ਉਨ੍ਹਾਂ ਆਪਣੀ ਫ਼ੌਜ ਲੈ ਕੇ ਮਲੇਰ ਤੇ ਚੜ੍ਹਾਈ ਕਰ ਦਿੱਤੀ। ਦੋਹਾਂ ਪਾਸਿਆਂ ਤੋਂ ਯੁੱਧ ਅਰੰਭ ਹੋਇਆ। ਗੁਰੂ ਸਾਹਿਬ ਇਕ ਮੋਰਚੇ ਵਿਚੋਂ ਵੜਕੇ ਇਕ ਖੂਹੀ, ਜੋ ਪਿੰਡ ਦੇ ਨੇੜੇ ਹੀ ਸੀ, ਤੇ ਗਏ। ਉਥੋਂ ਦੇ ਵਾਸੀ ਸਾਧ ਨੂੰ ਹੁਕਮ ਦਿੱਤਾ ਕਿ ਡੋਲ ਨੂੰ ਮਾਂਜ ਕੇ ਪਾਣੀ ਲਿਆਓ। ਉਹ ਸਾਧ ਪਾਣੀ ਲੈ ਆਇਆ। ਗੁਰੂ ਸਾਹਿਬ ਨੇ ਉਹ ਪਾਣੀ ਪੀਤਾ। ਉਸੇ ਵੇਲੇ ਉਸ ਸਾਧ ਨੇ ਇਕ ਨਾਲੇਰ ਅਤੇ ਪੰਜ ਪੈਸੇ ਜੋ ਉਸ ਦੇ ਗੁਰੂ ਨੇ ਮਰਨ ਸਮੇਂ ਸਪੁਰਦ ਕੀਤੇ ਸਨ, ਕੱਢ ਕੇ ਦਿੱਤੇ ਅਤੇ ਬੇਨਤੀ ਕੀਤੀ ਕਿ ਮੇਰੇ ਗੁਰੂ ਨੇ ਅੰਤਮ ਸਮੇਂ ਕਿਹਾ ਸੀ ਕਿ ਜੋ ਕੋਈ ਕਿਲਾ ਮਲੇਰ ਦੇ ਦੁਆਲੇ ਘੇਰਾ ਘੱਤ ਕੇ ਇਸ ਖੂਹੀ ਤੇ ਆਵੇਗਾ ਅਤੇ ਪਾਣੀ ਮੰਗੇਗਾ, ਤੂੰ ਜਾਣ ਲਈਂ ਕਿ ਉਹ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੈ। ਉਹ ਮਲੇਰ ਨੂੰ ਫਤਹਿ ਕਰੇਗਾ। ਤੂੰ ਇਹ ਵਸਤਾਂ ਉਨ੍ਹਾਂ ਦੀ ਸੇਵਾ ਵਿਚ ਭੇਟ ਕਰ ਦੇਵੀਂ। ਗੁਰੂ ਸਾਹਿਬ ਨੇ ਉਹ ਵਸਤਾਂ ਸਵੀਕਾਰ ਕਰ ਲਈਆਂ।

ਭਾਵੇਂ ਅਤਾਉਲਾ ਖਾਂ ਦਾ ਬਾਹੂਬਲ ਬੜਾ ਪ੍ਰਸਿੱਧ ਸੀ, ਉਸ ਦਾ ਤੀਰ ਲੋਹੇ ਵਿੱਚੋਂ ਪਾਰ ਹੋ ਜਾਂਦਾ ਸੀ, ਪਰ ਓਹੋ

ਤੀਰ ਗੁਰੂ ਸਾਹਿਬ ਦੀ ਪੋਸ਼ਾਕ ਤੇ ਲਗ ਕੇ ਫੁਲਾਂ ਦੀ ਤਰ੍ਹਾਂ ਹੇਠ ਡਿਗਦੇ ਰਹੇ। ਭਾਵੇਂ ਅਤਾਉਲਾ ਖਾਂ ਅਤੇ ਉਸ ਦੇ ਭਤੀਜੇ ਵਜ਼ੀਰ ਖਾਂ ਨੇ ਬੇਹੱਦ ਉਪਰਾਲਾ ਕੀਤਾ ਅਤੇ ਤਾਣ ਲਾਇਆ, ਪਰ ਲੜਾਈ ਵਿਚੋਂ ਭੱਜ ਗਏ। ਗੁਰੂ ਸਾਹਿਬ ਜਿੱਤ ਪ੍ਰਾਪਤ ਕਰਕੇ ਕਿਲੇ ਵਿਚ ਦਾਖਲ ਹੋਏ। ਉਸ ਨੌਕਰਾਣੀ ਦੀ ਲਾਸ਼, ਜਿਥੇ ਦਫ਼ਨ ਕੀਤੀ ਹੋਈ ਸੀ, ਉਥੋਂ ਕਢਵਾਈ। ਸਾਰਿਆਂ ਨੇ ਵੇਖਿਆ ਕਿ ਉਸ ਦੇ ਗੋਡੇ ਵਿਚ ਤੀਰ ਦਾ ਇਕ ਦਹਾਨਾ ਗਡਿਆ ਹੋਇਆ ਸੀ। ਉਸ ਨੂੰ ਵੇਖ ਕੇ ਸਾਰਿਆਂ ਨੂੰ ਵਿਸ਼ਵਾਸ ਹੋ ਗਿਆ ਕਿ ਜੋ ਕੁਝ ਗੁਰੂ ਸਾਹਿਬ ਕਹਿੰਦੇ ਸਨ, ਸੱਚ ਸੀ। ਉਨ੍ਹਾਂ ਹੱਡੀਆਂ ਨੂੰ ਚੁਕ ਕੇ ਲੈ ਆਂਦਾ ਅਤੇ ਸਸਕਾਰ ਕੀਤਾ। ਅਤਾਉਲਾ ਖਾਂ ਦੇ ਵਿਸ਼ਵਾਸੀ ਆਪਣੇ ਅਪਰਾਧ ਦੀ ਮੁਆਫ਼ੀ ਮੰਗਣ ਲਈ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ। ਗੁਰੂ ਸਾਹਿਬ ਨੇ ਬ੍ਰਾਹਮਣੀ ਮੰਗਵਾ ਕੇ ਬ੍ਰਾਹਮਣ ਦੇ ਸਪੁਰਦ ਕਰ ਦਿੱਤੀ। ਬੇਦੀ ਸਾਹਿਬ ਕਿਲਾ ਮਲੇਰ ਅਤਾਉੱਲਾ ਖਾਂ ਦੇ ਸਪੁਰਦ ਕਰਕੇ ਸੰਮਤ 1852 ਮੁਤਾਬਿਕ ਸੰਨ 1795 ਈ. ਵਿਚ ਉਥੋਂ ਚਲੇ ਆਏ। ਰਾਜੇ ਅਤੇ ਸਰਦਾਰ ਇਸ ਘਟਨਾ ਦੇ ਹਾਲ ਸੁਣ ਅਤੇ ਵੇਖਕੇ ਬਹੁਤ ਸ਼ਰਮਿੰਦਾ ਹੋਏ ਅਤੇ ਪ੍ਰਾਸਚਿਤ ਕਰਨ ਲੱਗੇ। ਉਹ ਵੀ ਆਪਣੀਆਂ ਆਪਣੀਆਂ ਰਿਆਸਤਾਂ ਵਿਚ ਚਲੇ ਗਏ। ਉਨ੍ਹਾਂ ਵਿਚੋਂ ਸਰਦਾਰ ਤਾਰਾ ਸਿੰਘ ਘੇਬਾ ਅਤੇ ਸਰਦਾਰ ਬਘੇਲ ਸਿੰਘ ਬੜੇ ਸ਼ਰਮਿੰਦਾ ਅਤੇ ਘਸਿਆਣੇ ਹੋ ਕੇ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ।

ਇਸ ਘਟਨਾ ਤੋਂ ਮਗਰੋਂ ਸੰਮਤ 1853 ਮੁਤਾਬਿਕ ਸੰਨ 1796 ਈ: ਵਿਚ ਗੁਰੂ ਸਾਹਿਬ ਦਰਿਆ ਨੂੰ ਪਾਰ ਕਰਕੇ ਦੁਆਬਾ ਜਲੰਧਰ ਵਿਚੋਂ ਲੰਘਦੇ ਹੋਏ ਦੇਹਰਾ ਸਾਹਿਬ ਪਹੁੰਚੇ। ਦਰਬਾਰ ਸਾਹਿਬ ਦੀ ਭੇਟਾ ਤੋਂ ਇਲਾਵਾ ਬੇਦੀਆਂ ਦੇ ਸਾਰੇ ਸਾਹਿਬਜ਼ਾਦਿਆਂ ਨੂੰ ਇਕ ਇਕ ਰੁਪਈਆ ਦਿਤਾ। ਫੇਰ ਵਜ਼ੀਰਾਬਾਦ ਗਏ। ਉਥੇ ਗੁਰਦੁਆਰਾ ਸਾਹਿਬ ਵਿਚ ਗੁਰੂ ਹਰਗੋਬਿੰਦ ਸਾਹਿਬ ਦਾ ਸੁਤਰੀ ਨਗਾਰਾ ਸੀ, ਉਹ ਗੁਰੂ ਸਾਹਿਬ ਨੂੰ ਦਿਤਾ ਗਿਆ।

ਫੇਰ ਸੋਹਦਰੀ ਦੇ ਸਥਾਨ ਤੇ ਸ. ਸਾਹਿਬ ਸਿੰਘ ਭੰਗੀ **ਗੁਜਰਾਤ-ਪਤੀ ਆਦਿ** ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ। ਦੋ ਘੋੜੇ, ਬਹੁਤ ਮਾਲ ਅਸਬਾਬ ਅਤੇ ਸਰੋਪਾ ਭੇਟਾ ਕੀਤਾ। ਪਰ ਉਹ ਘੋੜਾ ਜੋ ਬੇਦੀ ਸਾਹਿਬ ਨੂੰ ਪੇਸ਼ ਕਰਨਾ ਦਿਲੋਂ ਮੰਨ ਚੁਕਾ ਸੀ, ਨਾ ਦਿਤਾ, ਕਿਉਂਕਿ ਉਹ ਉਸ ਨੂੰ ਬਹੁਤ ਚੰਗਾ ਲਗਦਾ ਸੀ। ਬੇਦੀ ਸਾਹਿਬ ਨੇ ਪੁਛਿਆ ਕਿ ਜਿਹੜਾ ਘੋੜਾ ਪਹਿਲਾਂ ਤੋਂ ਹੀ ਭੇਟਾ ਕੀਤਾ ਹੋਇਆ ਸੀ, ਉਹ ਕਿਉਂ ਨਹੀਂ ਦਿਤਾ? ਉਸ ਨੇ ਬੇਨਤੀ ਕੀਤੀ ਕਿ ਮੈਂ ਉਹ ਘੋੜਾ ਮੀਰਪੁਰ ਵਿਚ ਪੇਸ਼ ਕਰਾਂਗਾ।

ਬੇਦੀ ਸਾਹਿਬ ਦੇ ਆਉਣ ਦੀ ਖਬਰ ਸੁਣਕੇ ਮਹਾਰਾਜਾ ਰਣਜੀਤ ਸਿੰਘ ਵੀ ਸੇਵਾ ਵਿਚ ਆਏ ਅਤੇ ਬੜੀ ਭੇਟਾ ਦਿਤੀ। ਬੇਦੀ ਸਾਹਿਬ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਸਰਦਾਰ ਸਾਹਿਬ ਸਿੰਘ ਦੀ ਸੁਲਾਹ ਕਰਵਾਈ। ਸਾਹਿਬ ਸਿੰਘ ਨੇ ਬੇਦੀ ਸਾਹਿਬ ਦੀ ਬੜੀ ਸੇਵਾ ਕੀਤੀ। ਉਥੋਂ ਤੁਰ ਕੇ ਬੇਦੀ ਸਾਹਿਬ ਮੀਰਪੁਰ ਆਏ। ਲੋੜੀਦਾ ਸਾਰਾ ਸਾਮਾਨ ਸਰਦਾਰ ਸਾਹਿਬ ਨੇ ਉਥੇ ਪੁਚਾਇਆ ਅਤੇ ਉਥੋਂ ਗੁਜਰਾਤ ਚਲਾ ਗਿਆ। ਉਥੇ ਉਸ ਘੋੜੇ ਉਤੇ ਚੜ੍ਹਕੇ ਸ਼ਿਕਾਰ ਖੇਡਣ ਲੱਗਾ। ਵਾਹਿਗੁਰੂ ਦਾ ਅਜਿਹਾ ਭਾਣਾ ਹੋਇਆ ਹੈ ਕਿ ਉਹ ਘੋੜੇ ਤੋਂ ਡਿਗ ਪਿਆ। ਪਿੱਠ ਤੇ ਬੜੀ ਤਕੜੀ ਸੱਟ ਵੱਜੀ। ਆਪਣੇ ਅਪਰਾਧ ਤੋਂ ਸ਼ਰਮਿੰਦਾ ਹੋ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ। ਉਹੀ ਘੋੜਾ ਅਤੇ ਚਾਰ ਹੋਰ ਘੋੜੇ ਅਤੇ ਪੱਚੀ ਹਜ਼ਾਰ ਰੁਪਈਏ ਨਕਦ ਭੇਟਾ ਦੇ ਕੇ ਆਪਣੇ ਅਪਰਾਧ ਦੀ ਮੁਆਫ਼ੀ ਮੰਗੀ।

ਉਥੋਂ ਚਲਕੇ ਬੇਦੀ ਸਾਹਿਬ ਪਿੰਡ ਹਲ ਵਿਚ ਆਏ। ਸਰਦਾਰ ਸੰਤ ਸਿੰਘ ਨੇ ਬੜੀ ਸੇਵਾ ਕੀਤੀ। ਫੇਰ ਪਿੰਡ ਪਲੇਨ ਪਹੁੰਚੇ। ਉਥੇ ਬਾਉਲੀ ਸੁਕ ਗਈ ਸੀ। ਗੁਰੂ ਸਾਹਿਬ ਨੇ ਅਪਾਰ ਕਿਰਪਾ ਕੀਤੀ ਅਤੇ ਬਾਉਲੀ ਵਿਚ ਬਹੁਤ ਪਾਣੀ ਹੋ ਗਿਆ। ਦਿਉਲ ਵਿਚ ਸਰਦਾਰ ਰਤਨ ਸਿੰਘ ਨੇ ਇਕ ਘੋੜਾ ਅਤੇ ਭੇਟਾ ਬੇਦੀ ਸਾਹਿਬ ਦੇ ਪੇਸ਼ ਕੀਤੀ। ਪਿੰਡ ਕੱਲਰ ਵਿਚ ਸਰਦਾਰ ਜੋਧ ਸਿੰਘ ਗੁਰੂ ਸਾਹਿਬ ਦੀ ਸੇਵਾ ਵਿਚ ਆਇਆ। ਇਕ ਘੋੜਾ, ਰਸਦ ਅਤੇ ਹੋਰ ਲੋੜੀਂਦੀਆਂ ਜ਼ਰੂਰੀ ਵਸਤਾਂ ਪੇਸ਼ ਕੀਤੀਆਂ। ਫਿਰ ਇਕ ਪਹਿਰ ਬਾਕੀ ਰਹਿਣ ਸਮੇਂ ਸਜੇ ਹੋਏ ਦੀਵਾਨ ਵਿਚ



ਅਜੂਨੀ

ਸਾਰੇ ਸਰਦਾਰ ਅਤੇ ਸੰਗਤ ਬੈਠੀ ਸੀ ਕਿ ਸਰਦਾਰ ਜੋਧ ਸਿੰਘ ਦੇ ਦੋ ਨੌਕਰ ਹਾਜ਼ਰ ਹੋਏ, ਉਨ੍ਹਾਂ ਦੇ ਕੇਸ ਮੁੰਨੇ ਹੋਏ ਸਨ ਉਹ ਬੜੇ ਪ੍ਰੇਸ਼ਾਨ ਸਨ। ਉਨ੍ਹਾਂ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ ਕਿ ਸ਼ੇਰ ਖਾਂ ਤੁਰਕ ਬੜਾ ਅਤਿਆਚਾਰ ਕਰਦਾ ਹੈ। ਉਸ ਨੇ ਜ਼ਬਰਦਸਤੀ ਸਿਖਾਂ ਦੇ ਕੇਸ ਉਤਰਵਾ ਦਿਤੇ ਹਨ।

ਬੇਦੀ ਸਾਹਿਬ ਨੇ ਉਕਤ ਕਥਿਤ ਸਰਦਾਰ ਵੱਲ ਵੇਖਿਆ। ਉਸ ਨੇ ਬੇਨਤੀ ਕੀਤੀ ਕਿ ਹਜ਼ੂਰ! ਸ਼ੇਰ ਖਾਂ ਬੜਾ ਬਲਵਾਨ ਹੈ। ਉਨ੍ਹਾਂ ਕਿਹਾ ਕਿ ਉਹ ਹਾਰੇਗਾ ਅਤੇ ਸ਼ੇਰ ਤੋਂ ਕੁੱਤਾ ਹੋ ਜਾਏਗਾ। ਦੂਜੇ ਦਿਨ ਉਥੋਂ ਚਲੇ ਗਏ। ਸਰਦਾਰ ਜੋਧ ਸਿੰਘ ਬੇਦੀ ਸਾਹਿਬ ਨਾਲ ਹੀ ਸੀ। ਮੀਰਪੁਰ ਤੋਂ ਸਰਦਾਰ ਅਮੀਰ ਸਿੰਘ ਸੌ ਸਵਾਰ ਲੈ ਕੇ ਬੇਦੀ ਸਾਹਿਬ ਨੂੰ ਆ ਮਿਲਿਆ। ਉਹ ਪਿੰਡ ਸੁੱਖੋ ਠਹਿਰੇ, ਉਥੇ ਹੋਰ ਸਰਦਾਰ ਵੀ ਆ ਮਿਲੇ। ਸਰਦਾਰ ਧਰਮ ਸਿੰਘ ਦੀ ਸਰਦਾਰਨੀ ਬੜੀ ਬੀਰ ਸੀ, ਉਹ ਸੌ ਸਵਾਰ ਲੈ ਕੇ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਈ। ਬੇਦੀ ਸਾਹਿਬ ਨੇ ਆਪਣੇ ਲਾਂਗਰੀ ਦੇਰਾ ਸਿੰਘ ਨੂੰ ਇਹ ਕਹਿਕੇ ਸ਼ੇਰ ਖਾਂ ਕੋਲ ਭੇਜਿਆ ਕਿ ਉਹ ਸਾਡੇ ਪੇਸ਼ ਹੋਵੇ, ਨਹੀਂ ਤਾਂ ਯੁੱਧ ਲਈ ਤਿਆਰ ਹੋ ਜਾਏ। ਦੇਰਾ ਸਿੰਘ ਨੇ ਉਸ ਨੂੰ ਬਹੁਤ ਸਮਝਾਇਆ, ਪਰ ਉਸ ਨੇ ਉੱਕੀ ਹੀ ਪਰਵਾਹ ਨਾ ਕੀਤੀ। ਬੇਦੀ ਸਾਹਿਬ ਸਰਦਾਰਾਂ ਸਹਿਤ ਸਵਾਰ ਹੋਏ। ਉਹ ਵੀ ਆਪਣੀ ਫ਼ੌਜ ਲੈ ਕੇ ਟਾਕਰੇ ਲਈ ਆਇਆ। ਦੋਹਾਂ ਪਾਸਿਆਂ ਤੋਂ ਤੀਰ ਚਲਣ ਲੱਗੇ। ਸ਼ੇਰਖਾਂ ਦਾ ਘੋੜਾ ਮਾਰਿਆ ਗਿਆ, ਉਹ ਭੱਜਕੇ ਗੜ੍ਹੀ ਵਿਚ ਵੜ ਗਿਆ ਅਤੇ ਗੜ੍ਹੀ ਨੂੰ ਤਕੜਾ ਕੀਤਾ। ਸਾਰੇ ਦਿਨ ਲੜਾਈ ਹੁੰਦੀ ਰਹੀ। ਉਹ ਸਖਤ ਲੜਾਈ ਦੀ ਝਾਲ ਨਾ ਝੱਲ ਸਕਿਆ ਅਤੇ ਰਾਤ ਨੂੰ ਭੱਜ ਗਿਆ। ਸਵੇਰੇ ਕਿਲਾ ਖਾਲੀ ਹੋ ਗਿਆ ਅਤੇ ਗੁਰੂ ਸਾਹਿਬ ਕਿਲੇ ਵਿਚ ਜਾ ਵੜੇ। ਕਿਲੇ ਦਾ ਅੰਦਰਲਾ ਸਮਾਨ ਹਾਜ਼ਰ ਸਰਦਾਰਾਂ ਵਿਚ ਵੰਡ ਦਿਤਾ। ਕਿਲਾ ਸਰਦਾਰ ਸਾਹਿਬ ਸਿੰਘ ਭੰਗੀ ਦੇ ਸਪੁਰਦ ਕਰ ਦਿੱਤਾ। ਸੰਮਤ 1853 ਵਿਚ ਉਸੇ ਸਥਾਨ ਦੀਪਮਾਲਾ ਦਾ ਮੇਲਾ ਕੀਤਾ। ਸ਼ੇਰਖਾਂ ਫੇਰ ਇਸ ਕਿਲੇ ਵਿਚ ਕਾਇਮ ਹੋ ਗਿਆ ਸੀ। ਬੇਦੀ ਸਾਹਿਬ ਨੇ ਇਸ ਨੂੰ ਫੇਰ ਸਰ ਕੀਤਾ।

ਬੇਦੀ ਸਾਹਿਬ ਨੇ ਪਸ਼ਾਵਰ ਜਾਣ ਦਾ ਮਨ ਬਣਾਇਆ, ਪਰ ਉਕਤ ਕਥਿਤ ਸਾਰੇ ਸਰਦਾਰਾਂ ਅਤੇ ਰਾਵਲਪਿੰਡੀ ਪਤੀ ਸਰਦਾਰ ਜੀਵਣ ਸਿੰਘ ਨੇ ਹਾਜ਼ਰ ਹੋ ਕੇ ਕੁਝ ਹੋਰ ਠਹਿਰਨ ਲਈ ਬੇਨਤੀ ਕੀਤੀ ਅਤੇ ਉਨ੍ਹਾਂ ਨੂੰ ਠਹਿਰਾ ਲਿਆ। ਸਾਰਿਆਂ ਰਾਜਿਆਂ ਨੇ ਨਜ਼ਰਾਂ ਪੇਸ਼ ਕੀਤੀਆਂ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਰੋਪਾ ਦੇ ਕੇ ਵਿਦਾ ਕੀਤਾ।

# ਮਹਾਨ ਤਪੱਸਵੀ ਬਾਬਾ ਸਾਹਿਬ ਸਿੰਘ ਜੀ ਬੇਦੀ

[ਸ. ਰਾਮ ਨਰਾਇਣ ਸਿੰਘ ਦਰਦੀ]

ਗੱਲਾਂ ਗੱਲਾਂ ਵਿਚ ਗਲ ਜਦ ਛਿੜ ਪਈ ਏ, ਕਰਨ ਲੱਗਾ ਮੈਂ ਉੱਚੇ ਇਨਸਾਨ ਦੀ ਗੱਲ।
ਗਲੀ ਗਲੀ ਅੰਦਰ ਗਲ ਤੁਰੀ ਜਿਸ ਦੀ, ਲੋਕੀ ਕਰਦੇ ਜਿਸ ਤਪੀ ਮਹਾਨ ਦੀ ਗਲ।
ਨਾਨਕ ਗੁਰੂ ਜਿਸ ਜਗਤ ਕਲਿਆਨ ਕੀਤੀ, ਕਰਨ ਲੱਗਾ ਹਾਂ ਓਹਦੀ ਸੰਤਾਨ ਦੀ ਗਲ।
ਨੇਕੀ ਤਪ ਦੀ ਗਲ, ਜਤ ਸਤ ਦੀ ਗਲ, ਗਲ ਧਰਮ ਦੀ ਨਾਲੇ ਈਮਾਨ ਦੀ ਗਲ।
ਗਲ ਗਲ ਤਕ ਖੁਭਿਆਂ ਨੂੰ ਜਿਸ ਕਢਿਆ, ਤੋਰਨ ਲੱਗਾਂ ਮੈਂ ਉਸ ਬਲਵਾਨ ਦੀ ਗਲ।
ਗੱਲਾਂ ਜੀਹਦੀਆਂ ਤਾਰਿਆਂ ਵਾਂਗ ਚਮਕਨ, ਕਰਨ ਲੱਗਾ ਮੈਂ ਓਸ ਅਸਮਾਨ ਦੀ ਗਲ।
ਤਾਪ ਲੋਕਾਂ ਦੇ ਲਾਹੁਣ ਲਈ ਜਿਸ ਤਪ ਤਪਿਆ, ਕਰਨ ਲੱਗਾ ਮੈਂ ਓਸ ਤਪਵਾਨ ਦੀ ਗਲ।
ਜਿਹੜੀ ਥਾਂ ਤੋਂ ਜਗਤ ਦੇ ਕਸ਼ਟ ਕੱਟੇ, ਕਰਨ ਲੱਗਾ ਮੈਂ ਓਸ ਅਸਥਾਨ ਦੀ ਗਲ।
ਕਿਹੜੇ ਕਿਹੜੇ ਨੂੰ ਓਸ ਨੇ ਵਰ ਦਿਤੇ, ਦਸਣਾ ਚਾਹੁਨਾਂ ਮੈਂ ਓਹਦੇ ਵਰਦਾਨ ਦੀ ਗਲ।
ਰਾਜ ਜੋਗੀ ਦੀ ਗਲ, ਤਖਤ ਆਸਨ ਦੀ ਗਲ, ਫ਼ਕਰ ਭੇਸ ਦੀ ਗਲ, ਸ਼ਾਹੀ ਸ਼ਾਨ ਦੀ ਗਲ।

ਓਹਦੇ ਤੀਰਾਂ ਦੀ ਗਲ ਤੇ ਸ਼ਮਸੀਰਾਂ ਦੀ ਗਲ, ਆਸਾ ਰਾਗ ਦੀ ਸੁਰ ਤੇ ਤਾਨ ਦੀ ਗਲ।
ਉਹਦੀ ਫੌਜ ਦੀ ਗਲ ਉਹ ਦੇ ਚੋਜ ਦੀ ਗਲ, ਜਪੁਜੀ ਸਾਹਿਬ ਦੀ ਗਲ ਤੇ ਕਲਿਆਨ ਦੀ ਗਲ।

ਮਾਂ ਨੇ ਇਕੋ ਜੋ ਸਾਹਿਬੇ ਕਮਾਲ ਜੰਮਿਆ, ਇਹ ਹੈ ਗਲ ਉਸ ਬੇਨਜ਼ੀਰ ਦੀ ਗਲ।
ਜਿਸ ਦੇ ਹਰ ਥਾਂ ਫਤਹਿ ਨੇ ਕਦਮ ਚੁੰਮੇ, ਜਿਸ ਵਿਚ ਕੌਮ ਦੀ ਲੁਕੀ ਤਕਦੀਰ ਦੀ ਗਲ।
ਜਿਸ ਦਾ ਖੰਡਾ ਨਾ ਝੁਕਿਆ ਕਿਸੇ ਸਾਹਵੇਂ, ਉਹਦੀ ਅਣਖ ਦੀ ਗਲ ਤੇ ਜ਼ਮੀਰ ਦੀ ਗਲ।
ਕਿਲੇ ਬੁੰਗੇ ਤੇ ਬੁਰਜ ਗਵਾਹ ਜਿਸ ਦੇ, ਉਸ ਬਲਵਾਨ ਤੇ ਸਾਹਿਬ ਸ਼ਮਸ਼ੀਰ ਦੀ ਗਲ।
ਜੀਹਦੇ ਕਦਮ ਚੁੰਮ ਕਈ ਸੁਲਤਾਨ ਬਣ ਗਏ, ਇਹ ਉਸ ਮੁਰਸ਼ਦ ਦੀ ਗਲ ਅਤੇ ਪੀਰ ਦੀ ਗਲ।
ਜੀਹਦੇ ਨੂਰ ਨੇ ਜੀਵਨ ਚਮਕਾ ਦਿੱਤੇ, ਦਸਨ ਲੱਗਾਂ ਉਸ ਅਰਸ਼ੇ-ਮੁਨੀਰ ਦੀ ਗਲ।

ਜਿਸ ਦਾ ਨਾਮ ਲਿਆਂ ਸਿਰ ਝੁਕ ਜਾਂਦੇ, ਕਰਨ ਲੱਗਾਂ ਮੈਂ ਉਹਦੇ ਸਤਿਕਾਰ ਦੀ ਗਲ।
ਜੀਹਦੀ ਖਿੱਚ ਸਭ ਨੂੰ ਏਥੇ ਖਿਚ ਲਿਆਉਂਦੀ, ਉਹਦੀ ਹਿੱਤ ਦੀ ਗਲ ਤੇ ਹਿਤਕਾਰ ਦੀ ਗਲ।
ਲੱਖਾਂ ਲੋਕਾਂ ਜੋ ਦਿਲਾਂ ਵਿਚ ਸਾਂਭ ਰੱਖੀ, ਇਹ ਹੈ ਓਸ ਦੇ ਗੁੱਝੇ ਪਿਆਰ ਦੀ ਗਲ।
ਜੀਹਦੇ ਝੰਡੇ ਇਸ ਚੋਟੀ ਤੇ ਝੂਲਦੇ ਨੇ, ਕਰਨ ਲੱਗਾਂ ਮੈਂ ਓਸ ਸਰਕਾਰ ਦੀ ਗਲ।
ਜਿਨ੍ਹਾਂ ਹਰ ਥਾਂ ਬਰਕਤਾਂ ਵੰਡੀਆਂ ਨੇ, ਚਲ ਪਈ ਹੈ ਉਹਦੇ ਪਰਵਾਰ ਦੀ ਗਲ।
ਦੁਖ ਦੂਰ ਕੀਤੇ ਭੈ ਗ਼ਮ ਕੱਟੇ, ਇਹ ਹੈ ਓਸ ਸੱਚੇ ਗ਼ਮਖ਼ਾਰ ਦੀ ਗ਼ਲ।

ਉਹਦੇ ਸ਼ਹਿਰ ਅੰਦਰ ਹਰ ਥਾਂ ਹੋ ਰਹੀ ਏ, ਬੇਦੀ ਬੰਸ ਦੀ ਗਲ ਬੇਦੀ ਜ਼ਾਤ ਦੀ ਗਲ।
ਸੁੰਞੇ ਘਰਾਂ ਨੂੰ ਜਿਹਨੇ ਭਰਪੂਰ ਕੀਤਾ, ਉਹਦੀ ਬਖਸ਼ਸ਼ ਤੇ ਓਸ ਦੀ ਦਾਤ ਦੀ ਗਲ।
ਉਨਾ ਚੋਟੀ ਤੋਂ ਜਿੰਨੇ ਹਨੇਰ ਕੱਟਿਆ, ਕਰਨ ਲੱਗਾਂ ਮੈਂ ਉਸ ਪਰਭਾਤ ਦੀ ਗਲ।
ਜੀਹਦੇ ਚਰਨਾਂ ਰੇ ਰਾਜੇ ਸਨ ਆਣ ਝੁਕਦੇ, ਮੈਂ ਕਰ ਰਿਹਾਂ ਉਸ ਸਮਰਾਟ ਦੀ ਗਲ।
ਧੰਨ ਨਿਰਧੰਨਾਂ, ਪੁੱਤ ਨਿਪੁਤਿਆਂ ਨੂੰ, ਦਿਤੇ ਜਿਨ੍ਹੇ ਹੈ ਉਹਦੀ ਕਰਾਮਾਤ ਦੀ ਗਲ।
ਇਹ ਗਲ ਕੋਈ ਆਮ ਮਨੁੱਖ ਦੀ ਨਹੀਂ, ਕਰ ਰਿਹਾਂ ਮੈਂ ਰਬ ਦੀ ਜ਼ਾਤ ਦੀ ਗਲ।

ਗਲ ਗਲ ਅੰਦਰ ਜੀਹਦੀ ਗਲ ਰੱਬੀ, ਹਰ ਇਕ ਗਲ ਸੀ ਜੀਹਦੀ ਕਮਾਲ ਦੀ ਗਲ।
ਹਰ ਗਲ ਜਿਸ ਨਾਨਕ ਦੀ ਗਲ ਸਮਝੀ, ਇਹ ਕੁਦਰਤ ਦੇ ਹੈ ਭਾਈਵਾਲ ਦੀ ਗਲ।
ਪੁਸਤਕ ਲਖ ਵੇਖੀ ਗਲਾਂ ਲਖ ਪੜ੍ਹੀਆਂ, ਕਿਤੋਂ ਲੱਭੀ ਨਾ ਇਹਦੇ ਪਰ ਨਾਲ ਦੀ ਗਲ।
ਕੋਈ ਨਹੀਂ ਬੁੱਢੀ ਪੁਰਾਣੀ ਮੈਂ ਗਲ ਕਰਦਾ, ਇਹ ਤੇ ਕਲ ਦੀ ਏ ਸੌ ਸਾਲ ਦੀ ਗਲ।
ਇਹ ਗਲ ਹੈ ਕਿਸੇ ਤੇਜੱਸਵੀ ਦੀ, ਅਤੇ ਉਸਦੇ ਜਾਹੋ ਜਲਾਲ ਦੀ ਗਲ।
ਗਲ ਮਿਲੇ ਉਹਦੀ ਕਿਸਮਤ ਵਾਲਿਆਂ ਨੂੰ, ਦੁਨੀਆਂ ਥੱਕ ਗਈ ਲਭਦੀ ਭਾਲਦੀ ਗਲ।

ਬੁਝੋ ਗਲ ਕਿਸ ਦੀ, ਮੈਂ ਨਹੀਂ ਨਾਂ ਦਸਣਾ, ਗਲ ਮੂੰਹ ਦੀ ਨਹੀਂ, ਅੰਦਰ ਵਾਰ ਦੀ ਗਲ।
ਤੀਵੀਂ ਪਤੀ ਦਾ ਨਾਂ ਕਦੇ ਦਸਦੀਏ, ਨਾਲੇ ਦਸਦੀ ਏ ਉਹਦੇ ਪਿਆਰ ਦੀ ਗਲ ?
ਗਲ ਬਹੁਤ ਕੀਤੀ, ਪਰ ਨਹੀਂ ਕੁਝ ਕੀਤੀ, ਕਿਉਂਕਿ ਇਹ ਸੀ ਬੇਸ਼ੁਮਾਰ ਦੀ ਗਲ।
ਜਿਹੜੀ ਦੱਸੀ ਏ ਮੈਂ, ਇਹ ਵੀ ਸੰਤਾਂ ਕੋਲੋਂ, ਮੰਗੀ ਤੰਗੀ ਉਧਾਰ ਸੁਧਾਰ ਦੀ ਗਲ।
ਨਾਨਕ ਬੰਸ ਓਹਦਾ ਮਾਲਕ, ਸ਼ੇਰ ਪੂਰਾ, ਸੁਣਦਾ ਸਦਾ ਗ਼ਰੀਬ ਲਾਚਾਰ ਦੀ ਗਲ।
ਮੰਨਾ ਤਾਂ ਜੇ ਕਿਤੇ ਅਜ ਸੁਣ ਲਏ ਉਹ, ਦਰਦੀ ਕਵੀ ਜਹੇ ਖ਼ਾਕਸਾਰ ਦੀ ਗਲ।

ਖਾਲਸਾ ਧਰਮ ਸ਼ਾਸਤਰ

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

# ਅਨਮਤੀਆਂ ਦੇ ਆ ੍ਰਮਾਂ ਦੀ ਰਖਵਾਲੀ

ਹਿੰਦੂਆਂ ਦੀਆਂ ਸਭਨਾਂ ਸੰਪ੍ਰਦਾਵਾਂ ਦੇ ਆਸ਼੍ਰਮ ਧਰਮ ਸਥਾਨ ਜਿਨ੍ਹਾਂ ਦੇ ਆਸਰੇ ਨਾਮ ਦਾਨ ਸ਼ਨਾਨ ਦੀ ਪ੍ਰਵਿਰਤੀ ਹੁੰਦੀ ਹੋਵੇ।

ਤਥਾ ਹੀ ਮੁਸਲਮਾਨਾਂ ਦੀਆਂ ਮਸਜਦਾਂ ਅਤੇ ਈਸਾਈਆਂ ਦੇ ਗਿਰਜੇ ਜਿਥੇ ਪ੍ਰੇਮੀਆਂ ਦੀ ਇਕੱਤ੍ਰਤਾ ਹੋ ਕੇ ਖ਼ੁਦਾ ਗਾਡ ਅਰਥਾਤ ਵਾਹਿਗੁਰੂ ਦੀ ਬੰਦਗੀ ਭਜਨ ਸਿਮਰਨ ਹੰਦਾ ਹੋਵੇ ਸਭਨਾਂ ਦੀ ਇਜ਼ਤ ਦੀ ਰਖਵਾਲੀ ਕਰਨੀ ਖਾਲਸਾ ਜੀ ਦਾ ਧਰਮ ਹੈ ਬਚਨ ਹੈ। ਸ੍ਰੀ ਗੁਰੂ ਕਲਗੀਧਰ ਮਹਾਰਾਜ ਦਾ

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ॥

ਨਾਮ ਦਾਨ ਇਨਸ਼ਾਨ ਏਹ ਤ੍ਰਿਪੁਟੀ ਕਰਮ ਜੋ ਸਿਖ ਪੰਥ ਦਾ ਅਸਲ ਅਸੂਲ ਹੈ ਇਸਦਾ ਵਰਤਣਾ ਭਾਵੇਂ ਕਿਸੀ ਪੰਥ ਮਜਬ ਸੰਪ੍ਰਦਾਇ ਵਿਚ ਹੁੰਦਾ ਹੋਵੇ ਜਾਨਨਾ ਕਿ ਸਿਖੀ ਪੰਥ ਦੇ ਹੀ ਅਸੂਲਾਂ ਦਾ ਪਰਚਾ ਹੈ। ਜਿਸ ਨੂੰ ਦੇਖ ਦੇਖ ਕਰ ਪਰਸੰਨ ਹੋਣਾ ਯੋਗ ਹੈ। ਤਾਂਤੇ ਜੋ ਜੋ ਨਾਮ ਦੇ ਅਥਵਾ ਦਾਨ ਦੇ ਅਥਵਾ ਇਸ਼ਨਾਨ ਦੇ ਕੇਂਦ੍ਰ (ਮਰਕਜ਼) ਆਸ਼੍ਰਮ ਹਨ ਓਹਨਾਂ ਸਭਨਾਂ ਦੀ ਆਬਰੂ ਦੀ ਰਖਵਾਲੀ ਗੁਰਸਿਖਾਂ ਦਾ ਕੰਮ ਹੈ। ਇਸੀ ਪ੍ਰਚਾਰ ਦੇ ਕਰਨ ਕਰਾਉਣ ਲਈ ਸਿਖ ਧਰਮ ਖਾਲਸਾ ਪੰਥ ਦਾ ਪ੍ਰਗਟ ਹੋਣਾ ਹੋਇਆ ਹੈ ॥

ਭਾਵੇਂ ਕੈਸਾ ਭੀ ਕੋਈ ਦੰਡਯੋਗ ਅਪ੍ਰਾਧੀ ਹੋਵੇ ਓਹ ਕਿਸੀ ਧਰਮ ਸਥਾਨ ਗੁਰਦੁਵਾਰੇ ਧਰਮਸਾਲਾ ਮੰਦਰ ਮਸਜਦ ਗਿਰਜੇ ਆਦਿਕਾਂ ਦੀ ਓਟ ਲਏ ਤਾਂ ਉਸ ਧਰਮ ਸਥਾਨ ਦਾ ਅਦਾਇਬ ਰਖਕੇ ਉਸ ਧਰਮ ਸਥਾਨ ਦੇ ਅੰਦਰ ਉਸਨੂੰ ਹੱਥ ਨਹੀਂ ਪਾਉਣਾ ॥

# ਦੂਜੇ ਅਰਥ ਸਾਧਿਕ ਆਸ਼੍ਰਮ ਹਨ

ਸਮੇਂ ਸਮੇ ਦੀਆਂ ਲੋੜਾਂ ਮੂਜਬ ਅਰਥ ਸਾਧਿਕ ਆਸ਼੍ਰਮਾਂ ਦੀ ਲੋੜ ਪੈਂਦੀ ਹੈ। ਏਹ ਆਸ਼੍ਰਮ ਸੰਸਾਰਕ ਸੁਖ ਸੰਪਤੀ ਦੇ ਵਾਧੇ ਦੇ ਕਾਰਣ ਹੁੰਦੇ ਹਨ। ਤਥਾ ਸੰਸਾਰੀ ਲੋਕਾਂ ਵਿਚ ਪੰਥ ਦੇ ਭੂਖਣਾਂ ਤੁੱਲ ਸੋਭਾ ਦਾਇਕ ਹਨ। ਸੋ ਏਹ ਕਾਲਜ ਸਕੂਲ ਅਤੇ ਮਦਰੱਸੇ ਆਦਿਕ ਪਾਠਸ਼ਾਲਾਂ ਹਨ ਜਿਨ੍ਹਾਂ ਵਿਚ ਸੰਸਾਰੀ ਵਿਵਹਾਰਕ ਵਿਦਿਆ ਦੇ ਪ੍ਰਚਾਰ ਦਾ ਮੁਖ ਪ੍ਰਯੋਜਨ ਹੁੰਦਾ ਹੈ। ਪਰ ਜੈਸੇ ਸਾਰੇ ਅਰਥ ਪ੍ਰਮਾਰਥ ਤੋਂ ਬਿਨਾ ਕੇਵਲ ਬੇਅਰਥ ਹੀ ਨਹੀਂ ਅਨਰਥ ਰੂਪ ਹੁੰਦੇ ਹਨ। ਐਸੇ ਹੀ ਕੋਈ ਬਿਵਹਾਰਕ ਵਿਦਿਆ ਪ੍ਰਵਾਨ ਨਹੀਂ ਹੈ ਜਿਸ ਦੇ ਨਾਲ ਧਾਰਮਕ ਵਿਦਿਆ ਦਾ ਸੰਬੰਧ ਨਾ ਹੋਵੇ। ਕੈਸਾ ਭੀ ਕੋਈ ਬਿਵਹਾਰਕ ਵਿਦਯਾ ਤੋਂ ਉਤੀਰਣ (ਪਾਸ) ਹੋ ਜਾਇ ਪਰ ਜੇ ਕਰ ਸ੍ਰੇਸ਼ਟਾਚਾਰੀ ਨਹੀਂ ਹੈ ਤਾਂ ਉਸਦੀ ਸਾਰੀ ਵਿਦਯਾ ਅਨਰਥ ਦਾ ਮੂਲ ਹੈ ਸੋ ਸ੍ਰੇਸ਼ਟਾਚਾਰ ਲਈ ਧਾਰਮਕ ਵਿਦਿਆ ਦੀ ਲੋੜ ਹੈ ਸੋ ਸਭਨਾਂ ਪਾਠਸ਼ਾਲਾਂ ਵਿਚ ਧਾਰਮਕ ਵਿਦਿਆ ਦਾ ਪ੍ਰਬੰਧ ਨਾਲ ਰਖਣਾ ਜ਼ਰੂਰੀ ਹੈ ॥

ਇਨਾਂ ਆਸ਼੍ਰਮਾਂ ਵਿਚ ਜੋ ਧਾਰਮਕ ਵਿਦਜਾ ਅਤੇ ਰੀਤੀ ਮ੍ਰਿਜਾਦਾ ਦਾ ਪ੍ਰਚਾਰ ਹੋਵੇ ਤਖਤਾਂ ਸਾਹਿਬਾਂ ਦੀ ਅਨਕੂਲਤਾ ਵਿਚ ਅਤੇ ਪੰਥ ਦੀ ਪੁਰਾਤਨ ਮ੍ਰਿਜਾਦਾ ਪਰ ਹੋਵੇ ॥

ਇਨ੍ਹਾਂ ਆਸ਼੍ਰਮਾਂ ਦੇ ਕਾਇਮ ਕਰਨ ਵਿਚ ਅਤੇ ਜਾਰੀ ਰਖਣ ਵਿਚ ਧਨ ਪਦਾਰਥ ਦੀ ਬਾਹਲੀ ਲੋੜ ਪੈਂਦੀ ਹੈ ਇਸ ਲਈ ਰੀਸ ਬਰੀਸੀ ਆਸ਼੍ਰਮ ਕਾਇਮ ਕਰਨ ਦਾ ਉਪ੍ਰਾਲਾ ਨਹੀਂ ਕਰਨਾ। ਲੋੜ ਦੀ ਥਾਂ ਆਸ਼੍ਰਮ ਖੋਹਲਨੇ। ਅਸਲ ਪ੍ਰਯੋਜਨ ਪੰਥ ਦੇ ਬਾਲਕਾਂ ਨੂੰ ਵਿਦਿਜਾ ਵਿਚ ਪ੍ਰਬੀਨ ਕਰਨ ਦਾ ਹੋਣਾ ਚਾਹੀਏ। ਜਿਨ੍ਹਾਂ ਨਗਰਾਂ ਵਿਚ ਰਾਜ ਦੇ ਕਰਮਚਾਰੀਆਂ ਵਲੋਂ ਸਕੂਲਾਂ ਮਦਰੱਸੇ ਜਾਰੀ ਨ ਹੋਨ ਕਰਕੇ ਕੋਈ ਪ੍ਰਬੰਧ ਨਹੀਂ ਹੈ ਅਤੇ ਯਤਨ ਕੀਤਿਆਂ ਭੀ ਨਹੀਂ ਹੋ ਸਕਦਾ ਉਨ੍ਹਾਂ ਨਗਰਾਂ ਵਿਚ ਆਪਣੇ ਸਕੂਲ ਖੋਲ੍ਹਨੇ ਜ਼ਰੂਰੀ ਹਨ ਅਤੇ ਜਿਨ੍ਹਾਂ ਨਗਰਾਂ ਵਿਚ ਐਸੇ ਸਕੂਲ ਮਦਰੱਸੇ ਜਾਰੀ ਹਨ ਉਨ੍ਹਾਂ ਨਗਰਾਂ ਵਿਚ ਆਪਣੇ ਸਕੂਲ ਖੋਹਲ ਕਰ ਬਿਅਰਥ ਜ਼ਿੰਮੇਵਾਰੀ ਦਾ ਭਾਰ ਪੰਥ ਪਰ ਨਹੀਂ ਸਿਟਣਾ। ਐਸੇ ਨਗਰਾਂ ਪਿੰਡਾਂ ਦੇ ਅਲਾਕਿਆਂ ਵਿਚ ਪੰਥ ਦੇ ਬਾਲਕਾਂ ਵਿਚੋਂ ਜੋ ਜੋ ਬਾਲਕ ਜਿਨ੍ਹਾਂ ਕਾਰਣਾਂ ਕਰਕੇ ਵਿਦਜਾ ਪ੍ਰਾਪਤ ਨਾ ਕਰ ਸਕਦੇ ਹੋਨ ਉਨ੍ਹਾਂ ਕਾਰਣਾਂ ਨੂੰ ਦੂਰ ਕਰਨ ਦੀ ਸਹਾਇਤਾ ਦੇਕਰ ਉਨ੍ਹਾਂ ਸਰਕਾਰੀ ਸਕੂਲਾਂ ਮਦਰੱਸਿਆਂ ਵਿਚੋਂ ਹੀ ਉਨ੍ਹਾਂ ਦੇ ਵਿਦਜਾ ਪ੍ਰਾਪਤ ਕਰਨ ਦੀਆਂ ਸਹੂਲਤਾਂ ਪੈਦਾ ਕਰਨ ਦਾ ਉਪ੍ਰਾਲਾ ਕਰਨਾ ਚੰਗਾ ਹੈ ॥

ਤਾਤਪਰਜ ਏਹ ਹੈ ਕਿ ਪੰਥ ਦੇ ਬਾਲਕਾਂ ਨੂੰ ਵਿਦਿਆ ਦੀ ਪ੍ਰਾਪਤੀ ਕਰਨ ਵਿਚ ਜੋ ਕਠਨਾਈਆਂ ਹਨ ਉਨ੍ਹਾਂ ਕਠਨਾਈਆਂ ਦੇ ਦੂਰ ਕਰਨ ਲਈ ਪੰਥ ਵਲੋਂ ਯਤਨ ਹੋਣਾ ਯੋਗ ਹੈ। ਐਸਾ ਨਾ ਹੋਵੇ ਕਿ ਯਤਨ ਕੀਤਿਆਂ ਭੀ ਕਠਨਾਈਆਂ ਓਹੋ ਜੇਹੀਆਂ ਬਣੀਆਂ ਰਹਣ। ਸੋ ਉਨ੍ਹਾਂ ਕਠਨਾਈਆਂ ਦੇ ਦੂਰ ਕਰਨ ਦੇ ਦੋ ਉਪਾਉ ਹਨ, ਬੋਰਡਿੰਗਾਂ ਦਾ ਇੰਤਜ਼ਾਮ ਕਰਨਾ ਤੇ ਦੂਜੇ ਜੋ ਬਾਲਕ ਵਿਦਜਾ ਦੀ ਪ੍ਰਾਪਤੀ ਦੇ ਖਰਚ ਦੀ ਬਰਦਾਸ਼ਤ ਨਾ ਕਰਕੇ ਵਿਦਜਾ ਪ੍ਰਾਪਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਲੋੜ ਮੂਜਬ ਖਰਚ ਦੀ ਸਹਾਇਤਾ ਦਾ ਉਪਰਾਲਾ ਕਰਕੇ ਵਿਦਜਾ ਦਲਾਣੀ। ਪਰ ਪੰਥ ਵਲੋਂ ਜਿਨ੍ਹਾਂ ਨੂੰ ਵਿਦਿਆ ਦੇ ਦੇਨ ਦਾ ਅਥਵਾ ਦਿਲਾਉਣ ਦਾ ਉਪ੍ਰਾਲਾ ਹੋਵੇ ਨਾਲ ਹੀ ਧਾਰਮਕ ਖਿਆਲਾਂ ਅਤੇ ਰਹਣੀਆਂ ਦੀ ਭੀ ਸ਼ਰਤ ਹੋਵੇ ॥

ਇਨ੍ਹਾਂ ਅਰਥ ਸਾਧਕ ਆਸ਼੍ਰਮਾਂ ਦਾ ਪ੍ਰਬੰਧ ਅਰਥ ਵਿਦਜਾ ਦੇ ਜਾਨਣ ਵਾਲਿਆਂ ਐਸਿਆਂ ਵਿਦਵਾਨਾਂ ਦੇ ਹਥ ਹੋਵੇ ਜੋ ਅਰਥ ਵਿਦਿਆ ਦੇ ਭੀ ਅਤੇ ਪ੍ਰਮਾਰਥ (ਧਾਰਮਕ) ਵਿਦਜਾ ਦੇ ਭੀ ਜਾਣੂ ਹੋਨ। ਅਥਵਾ ਧਾਰਮਕ ਵਿਦਜਾ ਸੰਬੰਧੀ ਕਮੇਟੀਆਂ ਜੁਦੀਆਂ ਹੋਨ ਜਿਨ੍ਹਾਂ ਦੀਆਂ ਸਫ਼ਾਰਸ਼ਾਂ ਪ੍ਰਬੰਧ ਵਿਚ ਮੰਨੀਆਂ ਜਾਣ ॥

## ਦੋਨੋ ਪ੍ਰਕਾਰ ਦੇ ਆਸ਼੍ਰਮਾਂ ਲਈ ਮਾਇਆ ਪਰ ਬਿਚਾਰ

ਪ੍ਰਮਾਰਥ ਤੇ ਅਰਥਸਾਧਕ ਜਿਤਨੇ ਆਸ਼੍ਰਮ ਹੋਨ ਸਭਨਾਂ ਲਈ ਮਾਇਆ ਦੀਆਂ ਲੋੜਾਂ ਪੂਰੀਆਂ ਕਰਨ ਦਾ ਬੂਹਝਾ ਪੰਥ ਪਰ ਹੀ ਹੈ। ਇਨ੍ਹਾਂ ਆਸ਼੍ਰਮਾਂ ਲਈ ਪੰਥ ਵਿਚੋਂ ਜੋ ਮਾਇਆ ਖਰਚ ਹੋਵੇ ਓਸ ਮਾਇਆ ਦੀ ਨਾਮ ਸੰਗਿਆ ਦੋ ਪ੍ਰਕਾਰ ਦੀ ਹੋਵੇ। ਇਕ ਦਾ ਨਾਉਂ ਧਰਮ ਅਰਥ ਦੀ ਮਾਇਆ ਅਤੇ ਦੂਜੀ ਸ਼ੁਭ ਅਰਥ ਦੀ ਮਾਇਆ ॥

(ੳ) ਧਰਮ ਅਰਥ ਦੀ ਮਾਇਆ ਕੇਵਲ ਪੰਥ ਦੇ ਪ੍ਰਲੋਕਕ ਸੰਬੰਧੀ ਪਰਮਾਰਥ ਸਾਧਕ ਕਾਰਜਾਂ ਦੇ ਨਿਮਿਤ ਖਰਚ ਕਰਨੀ ਹੈ। ਇਸ ਲੋਕ ਦੇ ਕਾਰਜਾਂ ਦੇ ਸਾਧਨ ਨਾਲ ਇਸ ਮਾਇਆ ਦਾ ਕੋਈ ਸ਼ੰਬੰਧ ਨਹੀਂ ਹੈ। ਸੋ ਜਿਤਨਾ ਰੁਪਯਾ ਧਰਮ ਅਰਥ ਦਾ ਹੋਵੇ ਪ੍ਰਮਾਰਥਕ ਆਸ਼੍ਰਮਾਂ ਅਤੇ ਕਾਰਜਾਂ ਪਰ ਹਰਗਿਜ਼ ਨਾ ਲਗਾਇਆ ਜਾਏ। ਏਹ ਮਾਇਆ ਉਸੀ ਪ੍ਰਕਾਰ ਦੀ ਹੈ ਜੋ ਸ੍ਰੀ ਗੁਰੂ ਦਸਮੇਂ ਪਾਤਸ਼ਾਹ ਕਲਗੀਧਰ ਜੀ ਮਹਾਂਰਾਜ ਨੇ ਜੁੱਧ ਜੰਗ ਵਿਚ ਪ੍ਰਵਿਰਤ ਹੋਨ ਵਾਲੇ ਖਾਲਸਾ ਜੀ ਨੂੰ ਭੁੱਖ ਵਿਚ ਸੁਕਾਇਆ ਸੀ ਪਰ ਵਰਤਾਈ ਨਹੀਂ ਸੀ ਪਟੰਬਰ ਅਤੇ ਪਸ਼ਮੰਬਰ ਅਗਨੀ ਦੀ ਭੇਟ ਅਤੇ ਸੋਨਾ ਚਾਂਦੀ ਜਲ ਦੀ ਭੇਟ ਕਰਕੇ ਪੰਥ ਨੂੰ ਨਮੂਨਾ ਦਿਖਾਇਕਰ ਸਿਖਯਾ ਦਿਤੀ ਸੀ ਕਿ ਐਸੀ ਮਾਇਆ ਕਿਰਤੀਆਂ ਵਿਹਾਰੀਆਂ ਸੂਰਬੀਰਾਂ ਲਈ ਜ਼ੈਹਰ ਤੁੱਲ ਹੈ, ਹੱਡਾਂ ਵਿਚ ਧਸ ਕੇ ਬਲ ਅਤੇ ਪੁਰਸ਼ਾਰਥਹੀਨ ਆਲਸੀ ਬਣਾ ਦੇਂਦੀ ਹੈ। ਸੰਸਾਰ ਦੇ ਬਿਵਹਾਰਾਂ ਜੋਗਾ ਨਹੀਂ ਛੱਡਦੀ। ਸੋ ਏਹ ਧਰਮ ਅਰਥ ਦੀ ਮਾਇਆ ਧਾਰਮਕ ਵਿਦਿਆ ਦੇ ਪ੍ਰਚਾਰ ਪਰ ਲਾਭਦਾਇਕ ਹੋ ਸਕਦੀ ਹੈ। ਵਿਵਹਾਰਕ ਵਿਦਯਾ ਦੇ ਪ੍ਰਚਾਰ ਲਈ ਅਤਯੰਤ ਹਾਨੀ ਕਾਰਕ ਹੈ। ਜੋ ਇਸ ਮਾਇਆ ਦੁਵਾਰਾ ਬਿਵਹਾਰ ਦੇ ਕਾਰਜ ਸਾਧੇ ਜਾਣਗੇ ਉਨ੍ਹਾਂ ਬਿਵਹਾਰਾਂ ਦੇ ਪਿੜ ਵਿਚ ਕਦੀ ਭੀ ਬਰਕਤ ਨਹੀਂ ਹੋਵੇਗੀ। ਭਾਵੇਂ ਏਹ ਮਾਇਆ ਪਰਤੱਖ ਤਰੋ ਤਰੀ ਗੱਫਾ ਪਰਤੀਤ ਹੋਵੇ ਪਰ ਏਹ ਵਿਹੁ ਖੰਡੂ ਪਾਜ ਵਰਗੀ ਦਿਲ ਲੁਭਾਉਣ ਵਾਲੀ ਵਸਤੂ ਹੈ। ਐਸੀ ਪੂਜਾ ਦੀ ਮਾਇਆ ਕੇਵਲ ਪ੍ਰਮਾਰਥ ਸਾਧਕ ਆਸ਼੍ਰਮਾ ਦੁਵਾਰਾ ਹੀ ਖਰਚ ਹੋਣੇ ਯੋਗ ਹੈ, ਭਜਨਵਾਨਾਂ ਦੇ ਅਰਥ ਆਵੇ ਅਥਵਾ ਪਰਮਾਰਥ ਵਿਦਯਾ ਦੇ ਪ੍ਰਚਾਰ ਪਰ ਲਗੇ ਅਥਵਾ ਪਰਮਾਰਥਕ ਆਸ਼੍ਰਮਾਂ ਦੀਆਂ ਇਮਾਰਤਾਂ ਅਤੇ ਸੇਵਕਾਂ ਦੇ ਕੰਮ ਆਵੇ ਅਥਵਾ ਚੁੱਲ੍ਹੇ ਥਾਣੀ ਨਿਕਲੇ॥

(ਅ) ਸ਼ੁਭ ਅਰਥ ਕਹੋ, ਭਲੇ ਅਰਥ ਕਹੋ, ਨੇਕ ਕੰਮ ਕਹੋ, ਏਹ ਓਹ ਮਾਇਆ ਹੈ ਜਿਸ ਨੂੰ ਵੰਡਕੇ ਖਾਣਾ ਕਹਿਆ ਹੈ। ਸਦਾ ਸਿਖਯਾ ਦਿਤੀ ਜਾਂਦੀ ਹੈ ਕਿ ਦਸਾਂ ਨਵਾਂ ਦੀ ਧਰਮ ਦੀ ਕਿਰਤ ਕਰਕੇ ਵੰਡ ਖਾਣਾ। ਸੋ ਵੰਡ ਖੰਾਣਾ ਅਪਣੇ ਵਰਗੇ ਭਰਾਵਾਂ ਵਿਚ ਹੁੰਦਾ ਹੈ। ਸੋ ਭਾਵੇਂ ਵੰਡ ਖਾਉਣ ਦੇ ਕਈ ਤ੍ਰੀਕੇ ਹਨ ਪਰ ਇਸ ਵੰਡੇ ਦੀ ਮਾਇਆ ਖਰਚ ਕਰਕੇ ਪੰਥ ਦੇ ਬਾਲਕਾਂ ਨੂੰ ਐਸੀ ਬਿਵਹਾਰਕ ਵਿਦਯਾ ਵਿਚ ਪ੍ਰਬੀਨ ਕਰਨਾ ਜਿਸ ਕਰਕੇ ਉਨ੍ਹਾਂ ਦੀਆਂ ਪੀਹੜੀਆਂ ਤਕ ਧਨ ਸੰਪਤਾ ਦੀ ਬ੍ਰਿਧੀ ਹੁੰਦੀ ਰਹੇ। ਇਕ ਪੁਰਸ਼ ਵਿਦਯਾ ਵਿਚ ਪ੍ਰਬੀਨ ਹੋ ਕਰ ਬਹੁਤ ਕੁਛ ਧਨ ਉਪਾਰਜਨ ਕਰਨੇ ਲਗਦਾ ਹੈ। ਅਗੇ ਓਹ ਅਪਣੀ ਸੰਤਾਨ ਨੂੰ ਵਿਦਯਾ ਵਿਚ ਪ੍ਰਬੀਨ ਕਰਦਾ ਹੈ ਤਥਾ ਦੂਜੇ ਲੋਕਾਂ ਨੂੰ ਭੀ। ਇਸੀ ਪ੍ਰਕਾਰ ਅਗੇ ਨੂੰ ਸਦਾ ਲਈ ਵਿਦਯਾ ਵਿਚ ਪ੍ਰਬੀਨ ਹੋ ਹੋ ਕਰ ਕਮਾਈਦਾਰਾਂ ਦੇ ਹੋਨ ਦਾ ਜੰਜੀਰਾ ਬੱਝ ਜਾਂਦਾ ਹੈ। ਇਸ ਪ੍ਰਕਾਰ ਸ਼ੁਭ ਅਰਥ ਦੀ ਸੰਪ੍ਰਦਾਇ ਵਧਦੀ ਹੈ। ਕੇਵਲ ਸ਼ੁਭ ਅਰਥ ਦਾ ਹੀ ਜੰਜੀਰਾ ਨਹੀਂ ਚਲਦਾ ਸਗੋਂ ਪਾਰਲੋਕਕ ਧਰਮ ਅਰਥ ਦੀ ਪ੍ਰਪਾਟੀ ਭੀ ਵਧਦੀ ਹੈ ਕਿਉਂ ਜੋ ਧਰਮ ਅਰਥ ਅਤੇ ਸ਼ੁਭ ਅਰਥ ਦੋਵੇਂ ਧਨ ਦੇ ਹੀ ਅਧੀਨ ਹਨ ਤਾਂ ਤੇ ਪੰਥ ਨੂੰ ਧਨ ਉਪਾਰਜਨ ਕਰਨੇ ਯੋਗ ਬਨਾਉਣੇ ਕਰ ਹੀ ਅਰਥ ਦੀ ਭੀ ਅਤੇ ਪ੍ਰਮਾਰਥ ਦੀ ਭੀ ਸਿੱਧੀ ਹੈ। ਸੋ ਧਨ ਦਾ ਉਪਾਰਜਨ ਕਰਨਾ ਵਿਦਯਾ ਦੇ ਬਲ ਕਰ ਹੋ ਸਕਦਾ ਹੈ। ਤਾਂ ਤੇ ਪੰਥ ਨੂੰ ਅਰਥ ਵਿਦਯਾ ਦੀ ਪ੍ਰਾਪਤੀ ਲਈ ਜੋ ਧਨ ਲਗਾਇਆ ਜਾਏ ਇਸਦਾ ਨਾਂਉਂ ਸ਼ੁਭ ਅਰਥ ਲਗਾਉਣਾ ਹੈ॥

ਏਹ ਧਰਮ ਅਰਥ ਅਤੇ ਸ਼ੁਭ ਅਥਵਾ ਭਲੇ ਅਰਥ ਦੇ ਨਾਮ ਦੀ ਸੰਗਿਆ ਭਿੰਨ ਭਿੰਨ ਸਮਝੀ ਜਾਏ ਅਤੇ ਜਿਸ ਜਿਸ ਅਰਥ ਦੀ ਮਾਇਆ ਹੋਵੇ ਤੇਸੀ ਅਰਥ ਲਗੇ। ਅਥਵਾ ਜਿਸ ਮਾਇਆ ਪਰ ਸ਼ੁਭ

ਅਥਵਾ ਭਲੇ ਅਰਥ ਦਾ ਨਾਉਂ ਪੈ ਜਾਏ ਓਹ ਭਾਵੇਂ ਧਰਮ ਅਰਥ ਦੇ ਕਾਰਜਾਂ ਵਿਚ ਲਗ ਜਾਏ ਤਾਂ ਭੀ ਡਰ ਨਹੀਂ ਹੈ। ਪਰ ਜਿਸ ਮਾਇਆ ਪਰ ਧਰਮ ਅਰਥ ਦਾ ਨਾਉਂ ਪੈ ਜਾਏ ਓਹ ਕੇਵਲ ਧਰਮ ਅਰਥ ਹੀ ਲਗੇ; ਸ਼ੁਭ ਅਰਥ ਦੇ ਕਾਰਜਾਂ ਪਰ, ਜੋ ਇਸ ਲੋਕ ਸੰਬੰਧੀ ਅਰਥ ਵਿਦਿਆ ਦੇ ਕਾਰਜ ਹਨ ਇਨ੍ਹਾਂ ਪਰ ਹਰਗਿਜ਼ ਨਹੀਂ ਵਰਤਣਾ ਜੋ ਅਤਿ ਹਾਨਿ ਕਾਰਕ ਹੈ ॥

ਕਰਤਾਰ ਦੇ ਦਿੱਤੇ ਵਿਚੋਂ ਧਰਮ ਅਰਥ ਲਗਾਉਣਾ ਦਾਨ ਦੇਣਾ ਆਪਣੀ ਭਲਿਆਈ ਦੇ ਵਾਧੇ ਲਈ ਹੈ। ਅਤੇ ਸ਼ੁਭ ਅਰਥ ਲਗਾਉਣਾ ਉਪਕਾਰ ਕਰਨਾ ਹਾਨੀ ਤੋਂ ਬਚਣ ਲਈ ਹੈ। ਮਾਇਆ ਨੂੰ ਵੰਡ ਕੇ ਨਾ ਛਕਣਾ ਅਰਥਾਤ ਸ਼ੁਭ ਅਰਥ ਨਾ ਲਗਾਉਣਾ ਹਾਨੀਕਾਰਕ ਪਾਪ ਸਹੇੜਨਾ ਹੈ, ਪ੍ਰਮੇਸ਼ਰ ਅਗੇ ਦੇਣਦਾਰ ਹੋਵੇਗਾ ਸਜਾ ਪਾਏਗਾ। ਅਤੇ ਜੋ ਧਰਮ ਅਰਥ ਨਹੀਂ ਖਰਚ ਕਰੇਗਾ ਓਹ ਇਸਦੇ ਲਾਭ ਤੋਂ ਵਾਂਜਿਆ ਰਹੇਗਾ। ਸੋ ਸਿਧਾਂਤ ਏਹ ਕਿ ਜਿਸ ਨੂੰ ਕਰਤਾਰ ਆਪਣੇ ਖਜਾਨੇ ਵਿਚੋਂ ਮਾਇਆ ਬਖਸ਼ੇ ਉਸ ਮਾਇਆ ਵਿਚੋਂ ਯਥਾ ਸ਼ਕਤ ਪ੍ਰਮਾਰਥ ਸਾਧਕ ਆਸ਼੍ਰਮਾਂ ਸੰਬੰਧੀ ਧਰਮ ਕਾਰਜਾਂ ਪਰ ਭੀ ਖਰਚ ਕਰੇ। ਜੋ ਏਹ ਦਾਨ ਧਰਮ ਹੈ ਅਤੇ ਅਰਥ ਸਾਧਕ ਆਸ਼੍ਰਮਾਂ ਸੰਬੰਧੀ ਵਿਦਯਾ ਆਦਿਕ ਸ਼ੁਭ ਕਾਰਜਾਂ ਪਰ ਭੀ ਖਰਚ ਕਰੇ ਏਹ ਦਾਤ ਅਤੇ ਉਪਕਾਰ ਧਰਮ ਹੈ। ਧਰਮ ਅਰਥ ਦਾਨ ਕਰਨਾ ਭੀ ਸਿਖਾਂ ਖਾਲਸਿਆਂ ਦਾ ਕਰਤੱਬ ਹੈ ਤੇ ਸ਼ੁਭ ਅਰਥ ਦੱਤ ਕਰਕੇ ਉਪਕਾਰ ਕਰਨਾ ਭੀ ਇਨ੍ਹਾਂ ਦਾ ਹੀ ਕੰਮ ਹੈ। ਯਥਾ ਸ਼ਕਤ ਦੁਹੀ ਪਾਸੀਂ ਖਰਚ ਕਰਨਾ ਯੋਗ ਹੈ। ਏਹ ਨਾ ਹੋਵੇ ਕਿ ਇਕ ਪਾਸਾ ਵਸੇ ਤੇ ਦੂਜਾ ਉਜੜ ਜਾਏ। ਜੇ ਪ੍ਰਮਾਰਥ ਸਾਧਕ ਆਸ਼੍ਰਮਾਂ ਦੀ ਸੇਵਾ ਢਿਲੀ ਹੋਈ ਤਾਂ ਪ੍ਰਲੋਕ ਦਾ ਸੁਖ ਨਹੀਂ, ਜੇ ਅਰਥ ਸਾਧਕ ਆਸ਼੍ਰਮਾਂ ਦੀ ਪਾਲਨਾ ਵਿਚ ਸਹਾਇਤਾ ਦਾ ਉਪਕਾਰ ਨਾ ਕੀਤਾ ਤਾਂ ਲੋਕਾਂ ਵਿਚ ਹਾਨੀ ਅਤੇ ਅਗੇ ਦੇਣਦਾਰੀ ॥

❖

# ਦੇਹਿ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ

(ਸ. ਬਲਦੇਵ ਸਿੰਘ ਐਮ. ਏ.)

ਇਹ ਕਥਨ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਨ ਕੀਤਾ ਹੋਇਆ ਹੈ, ਜਿਨ੍ਹਾਂ ਨੇ ਕੇਵਲ ਇਹ ਵਾਕ ਉਚਾਰਨ ਹੀ ਨਹੀਂ ਕੀਤਾ ਸਗੋਂ ਇਸ ਉਤੇ ਆਪ ਨੇ ਅਮਲ ਕਰਕੇ ਦੱਸਿਆ। ਇਕ ਮਹਾ ਪੁਰਖ, ਗੁਰੂ ਤਥਾ ਅਵਤਾਰ ਦਾ ਫ਼ਰਜ਼ ਵੀ ਏਹੀ ਬਣ ਜਾਂਦਾ ਹੈ ਕਿ ਉਹ ਔਕੜ ਸਮੇਂ ਦੀਨਾਂ ਦੁਖੀਆਂ ਦੀ ਸਹਾਇਤਾ ਕਰੇ। ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਕਥਨ ਹੈ :—

'ਯਦਾ ਯਦਾ ਹਿ ਧਰਮਸਯ, ਗਲਾਨਿ ਭਰਵਤਿ ਭਾਰਤ।
ਅਭਯੁੱਥਾਨਮ ਧਰਮਸਯ, ਤਦਾਤਮਾਨੰ ਸ੍ਰਿਜਾਮਯਹੂੰ ॥'

ਅਰਜਨ ਜਦੋਂ ਕਦੋਂ ਧਰਮ ਵਲੋਂ ਨਫ਼ਰਤ ਹੁੰਦੀ ਹੈ, ਅਧਰਮ ਵਲ ਰੁਚੀ ਵਧਦੀ ਜਾਂਦੀ ਹੈ ਤਦੋਂ ਮੈਂ ਆਪਣੇ ਆਪ ਨੂੰ ਕਿਸੇ ਮਹਾਂਪੁਰਖ ਦੇ ਰੂਪ ਵਿਚ ਪਰਗਟ ਕਰਦਾ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਆਪ ਵੀ ਇਸ ਕਥਨ ਦੀ ਪੁਸ਼ਟੀ ਕੀਤੀ ਹੈ :—

ਹਮ ਇਹ ਕਾਜ ਜਗਤ ਮਹਿ ਆਏ।
ਧਰਮ ਹੇਤ ਗੁਰਦੇਵ ਪਠਾਏ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।

ਗੁਰੂ ਜੀ ਦਾ ਪਵਿਤ੍ਰ ਅਵਤਾਰ 1666 ਈ. ਨੂੰ ਬਿਹਾਰ ਦੀ ਰਾਜਧਾਨੀ ਪਟਨਾ ਸ਼ਹਿਰ ਵਿਖੇ ਅਜਿਹੇ ਦਰਦ-ਨਾਕ ਸਮੇਂ ਵਿਚ ਹੋਇਆ ਜਦ ਕਿ ਬਾਦਸ਼ਾਹ ਔਰੰਗਜ਼ੇਬ ਦੀ ਭਾਰਤ ਉਤੇ ਹਕੂਮਤ ਸੀ। ਉਹ ਇਕ ਐਸਾ ਹਾਕਮ ਸੀ ਜਿਸ ਨੇ ਭਾਰਤ ਵਿਚੋਂ ਹਿੰਦੂ ਧਰਮ ਨੂੰ ਖਤਮ ਕਰਨ ਦਾ ਪ੍ਰਣ ਕੀਤਾ ਹੋਇਆ ਸੀ। ਹਿੰਦੂਆਂ ਨੂੰ ਜਬਰਨ ਮੁਸਲਮਾਨ ਬਣਾਇਆ ਜਾ ਰਿਹਾ ਸੀ। ਉਨ੍ਹਾਂ ਦੇ ਮੰਦਰ ਢਾਹ ਕੇ ਮਸੀਤਾਂ ਬਣਾਈਆਂ ਜਾ ਰਹੀਆਂ ਸਨ। ਕੇਵਲ ਇਸਲਾਮ ਕਬੂਲ ਕਰਨ ਤੇ ਹੀ ਕਿਸੇ ਹਿੰਦੂ ਦੀ ਜਾਨ ਬਚ ਸਕਦੀ ਸੀ। ਘਰ ਘਰ ਕੁਰਲਾਹਟ ਪਈ ਹੋਈ ਸੀ। ਦੀਨਾਂ ਦੁਖੀਆਂ ਦੀ ਫਰਿਆਦ ਕੋਈ ਨਹੀਂ ਸੀ ਸੁਣਦਾ।

ਅਜਿਹੇ ਭਿਆਨਕ ਹਾਲਾਤ ਦਾ ਟਾਕਰਾ ਕਰਨ ਲਈ ਅਕਾਲ ਪੁਰਖ ਦੀ ਪ੍ਰਸੰਨਤਾ ਤੇ ਆਗਿਆ ਪ੍ਰਾਪਤ ਕਰਨੀ ਗੁਰੂ ਸਾਹਿਬ ਨੇ ਜ਼ਰੂਰੀ ਸਮਝੀ। ਇਹ ਬਖਸ਼ਿਸ਼ ਪ੍ਰਾਪਤ ਕਰਨ ਲਈ ਗੁਰੂ ਜੀ ਨੇ ਹਿਮਾਲਾ ਪ੍ਰਬਤ ਤੇ ਬਹੁਤ ਕਠਨ ਤਪ ਕੀਤਾ, ਜਿਸ ਦਾ ਜ਼ਿਕਰ ਉਹਨਾਂ ਨੇ ਬਚਿਤ੍ਰ ਨਾਟਕ ਵਿਚ ਇਸ ਪ੍ਰਕਾਰ ਕੀਤਾ ਹੈ ;—

'ਹੇਮ ਕੁੰਟ ਪਰਬਤ ਹੈ ਜਹਾਂ
ਸਪਤ ਸ੍ਰਿੰਗ ਸੋਭਤ ਹੈ ਤਹਾਂ,
ਸਪਤ ਸ੍ਰਿੰਗ ਤਹ ਨਾਮ ਕਹਾਵਾ,
ਪੰਡੁ ਰਾਜ ਜਹਿ ਜੋਗ ਕਮਾਵਾ,
ਤਹਿੰ ਹਮ ਅਧਿਕ ਤਪੱਸਿਆ ਸਾਧੀ,
ਮਹਾਂ ਕਾਲ ਕਾਲਕਾ ਅਰਾਧੀ।'

ਸਮਾਂ ਆਇਆ, ਕਠਨ ਤਪੱਸਿਆ ਪੂਰੀ ਹੋ ਗਈ। ਅਕਾਲ ਪੁਰਖ ਤਰੁਠੇ ਤੇ ਸਾਖਯਾਤ ਦਰਸ਼ਨ ਬਖਸ਼ੇ। ਆਪਣੇ ਸੇਵਕ ਨੂੰ ਕੋਈ ਵਰ ਮੰਗਣ ਲਈ ਕਿਹਾ, ਗੁਰੂ ਜੀ ਨੇ ਕੋਈ ਨਿਜ ਸੁਆਰਥ ਵਰ ਨਹੀਂ ਮੰਗਿਆ, ਸਗੋਂ ਉਹਨਾਂ ਨੇ ਤਾਂ ਸਰਬ ਦੇ ਭਲੇ ਲਈ ਇਹ ਵਰ ਮੰਗਿਆ :—

"ਦੇਹ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨਾ ਟਰੋਂ,
ਨਾ ਡਰੋਂ ਅਰ ਸਿਉਂ ਜਬ ਜਾਇ ਲਰੋਂ, ਨਿਸਚੈ ਕਰ ਆਪਣੀ ਜੀਤ ਕਰੋਂ,
ਅਰ ਸਿਖ ਹਉ ਅਪਨੇ ਹੀ ਮਨ ਸਿਉਂ, ਇਹ ਲਾਲਚ ਹੈ ਗੁਣ ਤਉ ਉਚਰੋਂ,
ਜਬ ਆਵ ਕੀ ਅਉਧ ਨਿਦਾਨ ਬਣੇ, ਅਤ ਹੀ ਰਣ ਮੈ ਤਬ ਜੂਝ ਮਰੋਂ।"

ਦੁਖੀ ਭਾਰਤ ਵਾਸੀ ਧਰਮ ਦੀ ਰਖਿਆ ਲਈ ਫਰਿਆਦਾਂ ਕਰ ਰਹੇ ਸਨ। ਇਹਨਾਂ ਦੀਆਂ ਫਰਿਆਦਾਂ ਸੁਣ ਕੇ ਗੁਰੂ ਜੀ ਨੇ ਅਨੰਦਪੁਰ ਸਾਹਿਬ ਸਰਸਾ ਨਦੀ ਦੇ ਕੰਢੇ ਤੇ ਬੈਠ ਕੇ ਇਹ ਅਨੁਭਵ ਕੀਤਾ ਕਿ ਭਾਰਤਵਾਸੀਆਂ ਦੀ ਸਹਾਇਤਾ ਦਾ ਸਮਾਂ ਆ ਗਿਆ ਹੈ। ਉਸ ਸਮੇਂ ਇਹ ਪ੍ਰਣ ਕੀਤਾ :—

"ਮੈਂ ਇਸ ਗ਼ੁਲਾਮੀ ਦੇ ਵਿਰੁਧ ਜਹਾਦ ਕਰਾਂਗਾ।
ਤੇ ਹਿੰਦ ਨੂੰ ਜ਼ਰੂਰ ਹੀ ਅਜ਼ਾਦ ਕਰਾਂਗਾ।"

ਆਪਣੇ ਇਸ ਆਦਰਸ਼ ਦੀ ਪੂਰਤੀ ਲਈ ਉਹਨਾਂ ਇਹ ਦ੍ਰਿੜ ਇਰਾਦਾ ਕਰ ਲਿਆ ਕਿ ਚਾਹੇ ਉਹਨਾਂ ਨੂੰ ਕਿਨੀ ਵੀ ਕੁਰਬਾਨੀ ਕਿਉਂ ਨਾ ਕਰਨੀ ਪਵੇ ਉਹ ਆਪਣੇ ਇਸ ਪ੍ਰਣ ਦੀ ਪੂਰਤੀ ਜ਼ਰੂਰ ਕਰਨਗੇ। ਉਹਨਾਂ ਨੇ ਸੰਤ, ਸਿਪਾਹੀ, ਸਿਆਸਤਦਾਨ, ਵਿਦਵਾਨ ਤੇ ਧਰਮ ਰੱਖਿਅਕ ਪੰਜਾਂ ਰੂਪਾਂ ਵਿਚ ਦੇਸ਼ ਦੀ ਸੇਵਾ ਕੀਤੀ।

ਗੁਰੂ ਜੀ ਅਜੇ ਕੇਵਲ 9 ਸਾਲ ਦੇ ਹੀ ਸਨ ਜਦ ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆਏ ਹਿੰਦੂਆਂ ਦੇ ਪ੍ਰਤੀਨਿਧ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਪਾਸ ਧਰਮ ਰੱਖਿਆ ਲਈ ਆਏ। ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਬਲੀਦਾਨ ਦੇਣ ਦੀ ਪ੍ਰੇਰਨਾ ਕੀਤੀ ਕਿਉਂਕਿ ਇਸ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਗੁਰੂ ਗੋਬਿੰਦ ਸਿੰਘ ਜੀ ਵਾਸਤੇ :—

"ਜਬੈ ਬਾਨ ਲਾਗੈ, ਤਬੈ ਰੋਸ ਜਾਗੈ"

ਵਾਕ ਅਨੁਸਾਰ ਬੀਰ ਰਸ ਉਤਪੰਨ ਕਰਨ ਲਈ ਕਾਫ਼ੀ ਸੀ। ਇਨੀ ਛੋਟੀ ਉਮਰ ਵਿਚ ਗੱਦੀ ਤੇ ਬੈਠਣਾ ਸਿੱਖ ਧਰਮ ਦੀ ਪ੍ਰਥਾ ਨੂੰ ਧਰਮ ਉਪਦੇਸ਼ ਦੇਣਾ, ਆਪਣੇ ਫ਼ਰਜ਼ ਨੂੰ ਹੌਂਸਲੇ ਨਾਲ ਨਿਭਾਉਣਾ, ਆਪ ਜੀ ਦੇ ਸੰਤਪੁਣੇ ਦੀ ਜ਼ਿੰਦਾ ਮਿਸਾਲ ਹੈ।

ਸੰਤ ਅਤੇ ਵਿਦਵਾਨ ਹੋਣ ਦੇ ਨਾਲ ਨਾਲ ਹੁਣ ਉਹਨਾਂ ਨੇ ਔਰੰਗਜ਼ੇਬ ਦਾ ਮੁਕਾਬਲਾ ਕਰਨਾ ਸੀ ਜੋ ਕਿ ਬਿਨਾਂ ਕਿਸੇ ਫ਼ੌਜ ਤੋਂ ਕਰਨਾ ਅਸੰਭਵ ਸੀ। ਇਸ ਮਕਸਦ ਲਈ ਅਨੰਦਪੁਰ ਸਾਹਿਬ ਵਿਖੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ। ਅੰਮ੍ਰਿਤ ਕੀ ਸੀ ? ਬੜੀ ਅਜੀਬ ਜਿਹੀ ਕਲਾ ਵਰਤਾ ਦਿੱਤੀ, ਸਿੱਖ ਕੌਮ ਨੂੰ ਸਿੰਘ ਸਜਾ ਕੇ ਇਕ ਨਵੀਂ ਹੀ ਰੰਗਣ ਚਾੜ੍ਹ ਦਿਤੀ, ਗਿੱਦੜਾਂ ਤੋਂ ਸ਼ੇਰ ਬਣਾ ਦਿਤੇ, ਇਕ ਇਕ ਨੂੰ ਸਵਾ ਸਵਾ ਲਖ ਨਾਲ ਲੜਵਾ ਦਿਤਾ। ਬਸ ਗੱਲ ਕੀ ਸੀ ਸਿੰਘਾਂ ਵਿਚ ਦੇਸ਼ ਪਿਆਰ ਠਾਠਾਂ ਮਾਰਨ ਲੱਗ ਪਿਆ।

ਅੰਮ੍ਰਿਤ ਦਾ ਸਦਕਾ ਇਕ ਨਵੀਂ ਸ਼ਕਤੀਸ਼ਾਲੀ ਕੌਮ ਤਥਾ ਫ਼ੌਜ ਤਿਆਰ ਹੋ ਗਈ। ਕਈ ਸਾਲ ਸਫਲਤਾ ਪੂਰਵਕ ਔਰੰਗਜ਼ੇਬ ਨਾਲ ਯੁਧ ਹੁੰਦੇ ਰਹੇ। ਹਰ ਔਕੜ ਸਮੇਂ ਨੀਲੇ ਘੋੜੇ ਤੇ ਸਵਾਰ ਹੋ ਕੇ, ਤੀਰ ਤਲਵਾਰ ਲੈ ਕੇ ਯੁਧ ਵਿਚ ਜਾਂਦੇ ਤੇ ਹਰ ਮੈਦਾਨ ਫਤਹਿ ਆਪ ਦੇ ਪੈਰ ਚੁੰਮਦੀ।

ਮੈਦਾਨ ਵਿਚ ਜਾਣ ਲਗੇ ਗੁਰੂ ਸਾਹਿਬ, ਇਹ ਤੁਕ ਪੜ੍ਹਿਆ ਕਰਦੇ :—

"ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੋਂ ਅਰ ਸਿਉਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ।"

ਵਿਜੈ ਆਪ ਦੇ ਪੈਰ ਚੁੰਮਦੀ ਤੇ ਦੁਸ਼ਮਣ ਭਾਂਜ ਖਾ ਕੇ ਨਸ ਜਾਂਦੇ। ਵਡੇ ਰਣ ਖੇਤਰਾਂ ਤੇ ਘੱਲੂਘਾਰਿਆਂ ਤੋਂ ਪਿਛੋਂ ਬੇਸਰੋ—ਸਾਮਾਨੀ ਦੀ ਹਾਲਤ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਫ਼ਤਹਿ ਨਾਮੇ ਵਿਚ ਅਤੇ ਜ਼ਫ਼ਰਨਾਮੇ ਵਿਚ ਉਸ ਦੀ ਮਕਾਰੀ ਤੇ ਫ਼ਰੇਬ ਦਾ ਸਪਸ਼ਟੀਕਰਣ ਕੀਤਾ। ਇਹ ਦੋਵੇਂ ਚਿਠੀਆਂ ਗੁਰੂ ਜੀ ਦੀ ਨਿਰਭੈਤਾ ਦਾ ਸਬੂਤ ਹਨ।

"ਚਿ ਸ਼ੁਦ ਗਰ ਸਗਾਲ ਬਮਕਰੋ ਰਿਆ।
ਹਮੀ ਕੁਸ਼ਤ ਦੋ ਬਚਗਏ ਸ਼ੇਰ ਰਾ।"

ਇਹ ਕੀ ਹੋਇਆ ਜੇ ਕਪਟੀ ਗਿਦੜ ਨੇ ਸ਼ੇਰ ਦੇ ਦੋ ਬਚੇ ਮਾਰ ਦਿਤੇ।

ਚਹਾਂ ਸ਼ੁਦ ਕੇ ਚੂੰ ਬੱਚਗਾਂ ਕੁਸ਼ਤ ਚਿਹਾਰ,
ਬਾਕੀ ਬਿਮਾਂਦ ਅਸਤ ਪੇਚੀਦਹਿੰ ਮਾਰ।
ਚਿਹ ਮਰਦੀ ਕਿ ਅਖ਼ਗਰ ਖਮੋਸ਼ਾ ਕੁਨੀ,
ਕਿ ਆਤਸ਼ ਦਮਾਂ ਰਾ ਫਿਰੋਜ਼ਾ ਕੁਨੀ।

ਐ ਔਰੰਗੇ ਕ। ਹੋਇਆ ਕਿ ਜੇ ਤੂੰ ਮੇਰੇ ਬੱਚੇ ਮਾਰ ਦਿਤੇ ਹਨ ਅਜੇ ਕੁੰਡਲੀਆ ਸਧ ਖਾਲਸਾ ਤਾਂ ਜਿੰਦਾ ਹੈ, ਤੂੰ ਆ ਕੇ ਮੇਰੇ ਨਾਲ ਦੋ ਹਥ ਕਰ। ਔਰੰਗੇ ਨੇ ਕਿਸੇ ਵੀ ਖਤ ਦਾ ਜਵਾਬ ਨਾ ਦਿਤਾ ਤੇ ਨਾ ਹੀ ਆਪ ਮੈਦਾਨੇ ਜੰਗ ਵਿਚ ਆਇਆ।

ਇਹ ਵੰਗਾਰ ਗੁਰੂ ਜੀ ਦੇ ਸਿਪਾਹੀਪੁਣੇ ਦਾ ਸਬੂਤ ਹੈ।

ਦੁਨੀਆਂ ਦੇ ਇਤਿਹਾਸ ਵਿਚ ਕੋਈ ਵੀ ਐਸਾ ਆਗੂ ਨਹੀਂ ਜਿਸ ਨੇ ਇੰਨੀਆਂ ਔਕੜਾਂ ਦਾ ਸਾਹਮਣਾ ਕੀਤਾ ਹੋਵੇ। ਸਿਰਫ ਗੁਰੂ ਗੋਬਿੰਦ ਸਿੰਘ ਹੀ ਸਨ ਜਿਨ੍ਹਾਂ ਨੇ ਹਰ ਮੈਦਾਨ ਫ਼ਤਹਿ ਪਾਈ ਤੇ ਕਦੇ ਵੀ ਵੈਰੀ ਹਥੋਂ ਨਾ ਪਕੜੇ ਗਏ। ਇਹੋ ਜਿਹੀਆਂ ਮਿਸਾਲਾਂ ਆਪ ਜੀ ਦੇ ਸਿਆਸਤਦਾਨ ਹੋਣ ਦਾ ਸਬੂਤ ਹਨ।

ਗੁਰੂ ਜੀ ਨੇ ਧਰਮ ਲਈ ਅਤੇ ਦੇਸ਼ ਲਈ ਆਪਣੇ ਮਾਤਾ ਪਿਤਾ ਦਾ ਬਲੀਦਾਨ ਦਿਤਾ, ਆਪਣੇ ਹਜ਼ਾਰਾਂ ਪਿਆਰੇ ਸਿਖਾਂ ਨੂੰ ਕੁਰਬਾਨ ਕੀਤਾ। ਆਪਣੇ ਚਾਰੇ ਪੁੱਤਰ ਕੁਰਬਾਨ ਕੀਤੇ। ਆਪਣੇ ਪੁਤਰ ਵਾਰ ਕੇ ਗੁਰੂ ਸਾਹਿਬ ਘਬਰਾਏ ਨਹੀਂ ਸਗੋਂ ਕਿਹਾ,

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੁਆ, ਜੀਵਤ ਕਈ ਹਜ਼ਾਰ।

ਗੁਰੂ ਜੀ ਨੇ ਆਪਣਾ ਸਾਰਾ ਧੰਨ ਦੌਲਤ ਸਰਸਾ ਦੀ ਭੇਟਾ ਕਰ ਦਿਤਾ। ਸਾਰੀ ਉਮਰ ਆਪਣੀ ਜਾਨ ਤਲੀ ਤੇ ਧਰਕੇ ਫਿਰਦੇ ਰਹੇ। ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿਤੀਆਂ। ਕਮਜ਼ੋਰ ਹਿੰਦੂਆਂ ਵਿਚ ਸੁਰੱਖਿਆ ਤੇ ਸ੍ਵੈ ਵਿਸ਼ਵਾਸ਼ ਪੈਦਾ ਕੀਤਾ। ਅੰਤ ਆਪਣਾ ਆਪ ਵੀ ਦੇਸ਼ ਦੀ ਭੇਟਾ ਕਰ ਦਿਤਾ। ਇਹ ਸਾਰਾ ਕੁਝ ਉਹਨਾਂ ਦੇ ਧਰਮ ਰੱਖਿਅਕ ਹੋਣ ਦਾ ਸਬੂਤ ਹੈ।

ਇਸ ਪ੍ਰਕਾਰ ਗੁਰੂ ਜੀ ਵਿਦਵਾਨ ਵੀ ਸਨ, ਸਿਆਸਤਦਾਨ ਵੀ, ਸੰਤ ਵੀ, ਸਿਪਾਹੀ ਵੀ ਤੇ ਧਰਮ ਰਖਿਅਕ ਵੀ। ਭਾਵ ਉਹ ਪੰਜਾਂ ਰੂਪਾਂ ਵਿਚ ਸੰਸਾਰ ਵਿਚ ਪਰਗਟ ਹੋਏ। ਦੀਨਾਂ ਦੁਖੀਆਂ, ਗਰੀਬਾਂ ਅਤੇ ਧਰਮ ਦੀ ਰਖਿਆ ਲਈ ਆਪ ਵੀ ਸਿਰ ਤਲੀ ਤੇ ਰਖਿਆ। ਖਾਲਸਾ ਪੰਥ ਸਾਜਿਆ ਜਿਸਨੂੰ :—

"ਜੇ ਤਉ ਪ੍ਰੇਮ ਖੇਲਨ ਕਾ ਚਾਉ, ਸਿਰ ਧਰ ਤਲੀ, ਗਲੀ ਮੋਰੀ ਆਉ"

ਦਾ ਉਪਦੇਸ਼ ਦਿਤਾ। ਉਹਨਾਂ ਦੀ ਬੀਰਤਾ ਅਤੇ ਕੁਰਬਾਨੀ ਸਦਕਾ ਅਜ ਭਾਰਤ ਅਜ਼ਾਦ ਦਿਸਦਾ ਹੈ।

ਆਪ ਦੀ ਆਯੂ ਅਜੇ 41 ਸਾਲ ਦੀ ਸੀ ਜਦਕਿ ਆਪ ਇਸ ਜੀਵਨ ਸੰਗਰਾਮ ਵਿਚ ਵਿਜੇ ਪ੍ਰਾਪਤ ਕਰਕੇ 1708 ਵਿਚ ਜੋਤੀ ਜੋਤ ਸਮਾ ਗਏ। ਗੁਰੂ ਜੀ ਦੇ ਇਸ ਜੀਵਨ ਤੋਂ ਸਾਨੂੰ ਵੀ ਸਿਖਿਆ ਲੈਣੀ ਚਾਹੀਦੀ ਹੈ ਕਿ ਅਸੀਂ ਵੀ ਗੁਰੂ ਜੀ ਵਾਂਗ ਸ਼ੁਭ ਗੁਣ ਧਾਰਨ ਕਰੀਏ ਅਤੇ ਅਮਰ ਹੋਈਏ। ਕਿਉਂਕਿ :

"ਜਹਾਂ ਮੇ ਅਹਿਲੇ ਈਮਾਂ ਜੋ ਮਿਸਲ ਖੁਰਸ਼ੀਦ ਜੀਤੇ ਹੈਂ
ਇਧਰ ਡੂਬੇ ਉਧਰ ਨਿਕਲੇ, ਉਧਰ ਡੂਬੇ ਇਧਰ ਨਿਕਲੇ।"

ਇਸ ਆਸ਼ੇ ਨੂੰ ਮੁਖ ਰਖਦਿਆਂ ਹੋਇਆਂ ਮਹਾਰਾਜ ਬਾਬਾ ਸਾਹਿਬ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਸਹਿਜ ਧਾਰੀਆਂ ਨੂੰ ਛਕਾ ਕੇ ਸਿੰਘ ਸਜਾਇਆ ਅਤੇ ਗੁਰਮਤਿ ਦਾ ਉਪਦੇਸ਼ ਦੇ ਕੇ ਗੁਰਮੁਖ ਬਣਾਇਆ। ਇਹੋ ਕਾਰਣ ਹੈ ਜੋ ਮਾਲਵੇ ਦੀ ਧਰਤੀ ਤੇ ਅਤੇ ਪੰਜਾਬ ਵਿਚ ਗੁਰਸਿਖਾਂ ਨੇ ਮਹਾਰਾਜ ਦੇ ਦਮਦਮੇ ਥਾਂ ਥਾਂ ਬਣਾ ਕੇ ਆਪ ਦੀ ਪੂਜਾ ਗੁਰੂ ਰੂਪ ਜਾਣ ਕੇ ਕੀਤੀ।

# ਊਨਾ ਸਾਹਿਬ ਵਿਖੇ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਕੌਤਕ

( ਸ. ਹਜ਼ਾਰਾ ਸਿੰਘ ਬੈਰਾਗੀ )

ਹਜ਼ੂਰ ਬਾਬਾ ਸਾਹਿਬ ਸਿੰਘ ਦੇ ਦੇਹਰੇ 4 ਬਜੇ ਸਵੇਰ ਨੂੰ ਜਦੋਂ ਦੀਵਾਨ ਸਮਾਪਤ ਹੋਇਆ ਤਾਂ ਸਭ ਸੰਗਤਾਂ ਤੁਰਨ ਵਾਸਤੇ ਉਤਾਵਲੀਆਂ ਸਨ ਤਾਂ ਬਾਬਾ ਸਾਹਿਬ ਸਿੰਘ ਜੀ ਨੇ ਕਿਹਾ ਕਿ ਕੋਈ ਸਿੰਘ ਇਹੋ ਜਿਹਾ ਹਥ ਖੜਾ ਕਰੇ ਜੋ ਕਿ 507 ਦਿਨ ਇਥੇ ਰਿਹਾਇਸ਼ ਕਰਕੇ ਜਾਵੇ। ਪਹਿਲਾਂ 2 ਵਾਰ ਇਸ ਬਾਰੇ ਬਾਬਾ ਜੀ ਨੇ ਕਿਹਾ ਪਰ ਕਿਸੇ ਨੇ ਵੀ ਸਿੰਘਾਂ ਵਿਚੋਂ ਹੱਥ ਖੜਾ ਨਹੀਂ ਕੀਤਾ ਪਰ ਜਦੋਂ ਬਾਬਾ ਜੀ ਨੇ ਤੀਜੀ ਵਾਰ ਕਿਹਾ ਤਾਂ ਇਕ ਸਿੰਘ ਨੇ ਖੜਾ ਹੋ ਕਿਹਾ ਕਿ ਜਿਤਨੇ ਦਿਨ ਤੁਸੀਂ ਕਹੋ ਮੈਂ ਉਤਨੇ ਦਿਨ ਤੁਹਾਡੇ ਪਾਸ ਰਹਾਂਗਾ। ਉਸ ਸਮੇਂ ਮੇਲਾ ਬਹੁਤ ਭਰਿਆ ਹੋਇਆ ਸੀ।

ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਵੀ ਆਏ ਹੋਏ ਸਨ। ਉਸ ਸਮੇਂ ਬਾਬਾ ਜੀ ਦੇ ਲੰਗਰ ਵਿਚ ਇਕ ਵੇਲੇ 35 ਮਣ ਲੂਣ ਪੈ ਕੇ ਊਨਾ ਮੇਲਾ ਹੋ ਜਾਂਦਾ ਹੈ ਤਾਂ ਫਿਰ ਮੇਲੇ ਦਾ ਜ਼ੋਰ ਘਟਦਾ ਜਾਂਦਾ ਹੈ। ਉਸ ਦਿਨ ਤੋਂ ਇਸ ਜਗਾ ਦਾ ਨਾਮ ਊਨਾ ਪੈ ਗਿਆ। ਉਹ ਸਿੰਘ ਫ਼ਿਰੋਜ਼ਪੁਰ ਜ਼ਿਲੇ ਦਾ ਸੀ ਅਤੇ ਉਸ ਦਾ ਨਾਮ ਸ੍ਰੀ ਰਾਮ ਸਿੰਘ ਸੀ ਅਤੇ ਉਹ ਖੇਤੀਬਾੜੀ ਦਾ ਕੰਮ ਕਰਦਾ ਸੀ। ਉਸ ਸਿੰਘ ਨੇ ਵੀ ਬਾਬਾ ਜੀ ਨੂੰ ਕਿਹਾ ਕਿ ਜਦੋਂ ਤੁਸੀਂ ਕਹੋਗੇ ਮੇਰੀ ਮਰਜ਼ੀ ਹੋਵੇਗੀ ਤਾਂ ਜਾਂਵਾਂਗਾ ਜੇ ਮੇਰੀ ਮਰਜੀ ਨਾ ਹੋਣੀ ਤਾਂ ਨਹੀਂ ਜਾਵਾਂਗਾ। ਇਸ ਤਰ੍ਹਾਂ ਬਾਬਾ ਜੀ ਦੇ ਤੇ ਉਸ ਸਿੰਘ ਦੇ ਆਪਸ ਵਿਚ ਬਚਨ ਹੋ ਗਏ। ਜਦੋਂ ਰਾਮ ਸਿੰਘ ਦੇ ਨਾਲ ਦੇ ਹੋਰ ਬੰਦੇ ਵਾਪਸ ਆਪਣੇ ਪਿੰਡ ਨੂੰ ਗਏ ਤਾਂ ਉਨ੍ਹਾਂ ਨੇ ਪਿੰਡ ਜਾ ਕੇ ਸਲਾਹ ਕੀਤੀ ਕਿ ਰਾਮ ਸਿੰਘ ਨੇ ਸਾਡੇ ਪਿੰਡ ਦੀ ਲਾਜ ਰਖੀ ਹੈ ਜੋ ਕਿ ਇਤਨੀ ਸੰਗਤ ਵਿਚ ਆਪਣੀ ਬਾਂਹ ਖੜੀ ਕੀਤੀ ਹੈ। ਇਸ ਲਈ ਉਨ੍ਹਾਂ ਲੋਕਾਂ ਨੇ ਕਿਹਾ ਕਿ ਅਸੀਂ ਰਾਮ ਸਿੰਘ ਦੀ ਫਸਲ ਦਾ ਕੋਈ ਨੁਕਸਾਨ ਨਹੀਂ ਹੋਣ ਦੇਣਾ।

ਵੈਸਾਖੀ ਤੋਂ ਮਗਰੋਂ ਬਾਬਾ ਜੀ ਨੇ ਉਸ ਸਿੰਘ ਨੂੰ ਕਿਹਾ ਕਿ ਸੇਵਕਾ ਤੂੰ ਹੁਣ ਆਪਣੇ ਪਿੰਡ ਨੂੰ ਚਲਾ ਜਾ ਅਤੇ ਆਪਣੀ ਫ਼ਸਲ ਆਦਿ ਸੰਭਾਲ। ਉਸ ਸਿੰਘ ਨੇ ਬਾਬਾ ਜੀ ਨੂੰ ਉੱਤਰ ਦਿਤਾ ਕਿ ਬਾਬਾ ਜੀ ਜਿਸ ਤਰ੍ਹਾਂ ਮੱਛੀ ਜਲ ਤੋਂ ਬਿਨਾ ਨਹੀਂ ਰਹਿ ਸਕਦੀ ਮੈਂ ਭੀ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਨਹੀਂ ਰਹਿ ਸਕਦਾ। ਬਾਬਾ ਜੀ ਨੂੰ ਉਸ ਸਿੰਘ ਦੀ ਫ਼ਸਲ ਆਪ ਜਾ ਕੇ ਸੰਭਾਲਨੀ ਪਈ। ਫਿਰ ਬਾਬਾ ਜੀ ਰਾਮ ਸਿੰਘ ਦਾ ਰੂਪ ਧਾਰਕੇ ਉਸ ਦੇ ਪਿੰਡ ਗਏ। ਉਸ ਪਿੰਡ ਦੇ ਲੋਕਾਂ ਨੇ ਬਾਬਾ ਜੀ ਨੂੰ ਜੋ ਰਾਮ ਸਿੰਘ ਦੇ ਰੂਪ ਵਿਚ ਸਨ ਕਿਹਾ ਕਿ ਰਾਮ ਸਿੰਘ ਤੂੰ ਸਾਡੇ ਪਿੰਡ ਦੀ ਲਾਜ ਰਖ ਲਈ ਹੈ ਇਸ ਲਈ ਅਸੀਂ ਸਾਰੇ ਮਿਲ ਕੇ ਤੇਰੀ ਫ਼ਸਲ ਦੀ ਕਟਾਈ ਕਰਾਂਗੇ ਅਤੇ ਰੋਟੀ ਆਪਣੇ ਘਰੋਂ ਖਾਵਾਂਗੇ। ਤਾਂ ਬਾਬਾ ਜੀ ਨੇ ਕਿਹਾ ਕਿ ਤੁਸੀਂ ਆਪਣੇ ਘਰ ਰੋਟੀ ਨਾ ਖਾਇਓ। ਮੈਂ ਤੁਹਾਨੂੰ ਕੜਾਹ ਪ੍ਰਸਾਦਿ ਕਰਕੇ ਰੋਟੀ ਖੁਲਾਵਾਂਗਾ। ਲੋਕਾਂ ਨੂੰ ਇਹ ਪਤਾ ਨਹੀਂ ਸੀ ਕਿ ਇਹ ਬਾਬਾ ਜੀ ਆਪ ਹਨ।

ਪਿੰਡ ਦੇ ਲੋਕਾਂ ਨੇ ਦੁਪਹਿਰ ਦੇ 12 ਬਜੇ ਤਕ 400 ਭਰੀ ਕਣਕ ਦੀ ਵੱਢ ਦਿੱਤੀ। ਦੁਪਹਿਰ ਦੀ ਰੋਟੀ ਖਾ ਕੇ ਉਨ੍ਹਾਂ ਕਣਕ ਦੀ 400 ਭਰੀ ਇਕੱਠੀ ਕਰਕੇ ਖਲਿਆੜਾ ਲਾ ਦਿੱਤਾ ਰਾਤ ਨੂੰ ਬਾਬਾ ਜੀ ਨੇ ਫਿਰ ਰੋਟੀ ਖੁਲਾਈ। ਦੂਜੇ ਦਿਨ ਬਾਬਾ ਜੀ ਨੇ ਪਿੜ ਬਣਾ ਕੇ 200 ਭਰੀ ਦੀ ਪੈੜੀ ਪਾ ਦਿਤੀ ਅਤੇ ਸ਼ਾਮ ਨੂੰ 100 ਮਣ ਦਾ ਕਣਕ ਦਾ ਬੋਹਲ ਖੜਾ ਕਰ ਦਿੱਤਾ। ਇਹ ਕਰਕੇ ਬਾਬਾ ਜੀ ਆਪ ਪਿੰਡ ਨੂੰ ਰੋਟੀ ਖਾਣ ਆ ਗਏ। ਉਨ੍ਹਾਂ ਤੋਂ ਬਾਅਦ ਉਸ ਪਿੰਡ ਦੇ ਕੁਝ ਗਭਰੂਆਂ ਨੇ ਇਕੱਠੇ ਹੋ ਕੇ ਇਹ ਸਲਾਹ ਕੀਤੀ ਕਿ ਬਾਬਾ ਜੀ ਦਾ ਕਣਕ ਦਾ ਬੋਹਲ ਚੁਕ ਲਈਏ ਉਨ੍ਹਾਂ ਮੁੰਡਿਆਂ ਨੇ ਉਸ ਬੋਹਲ ਦੀਆਂ 25 ਪੰਡਾਂ ਬਣਾਕੇ ਸਿਰ ਉਤੇ ਚੁਕ ਲਈਆਂ। ਬਾਬਾ ਜੀ ਧਰਤੀ ਮਾਤਾ ਨੂੰ

ਇਹ ਕਹਿ ਗਏ ਸਨ ਕਿ ਤੂੰ ਮੇਰੀ ਬੋਹਲ ਦੀ ਰਾਖੀ ਕਰੀਂ ।

ਜਦੋਂ ਉਹ ਮੁੰਡੇ ਦਾਣਿਆਂ ਦੀਆਂ ਗੱਠਾਂ ਚੁਕ ਕੇ ਤੁਰਨ ਲਗੇ ਤਾਂ ਧਰਤੀ ਮਾਤਾ ਜੀ ਨੇ ਉਨ੍ਹਾਂ ਦੇ ਪੈਰ ਫੜ ਲਏ, ਮਤਲਬ ਉਨ੍ਹਾਂ ਨੂੰ ਤੁਰਨ ਨਾ ਦਿੱਤਾ । ਜਦ ਉਹ ਗਠਾਂ ਹੇਠਾਂ ਧਰਤੀ ਤੇ ਸੁਟਣ ਤਾਂ ਗਠਾਂ ਸਿਰ ਤੋਂ ਹੇਠਾਂ ਨਾ ਸੁਟ ਹੋਣ ਅਤੇ ਇਹ ਗਠਾਂ ਉਨ੍ਹਾਂ ਦੇ ਸਿਰਾਂ ਤੇ ਨਾਲ ਹੀ ਜੁੜ ਗਈਆਂ । ਇਹ ਕੌਤਕ ਵੇਖ ਕੇ ਪਿੰਡ ਦੇ ਹੋਰ ਲੋਕ ਵੀ ਇਕੱਠੇ ਹੋ ਗਏ ਤਾਂ ਉਨ੍ਹਾਂ ਨੇ ਉਨ੍ਹਾਂ ਮੁੰਡਿਆਂ ਨੂੰ ਕਿਹਾ ਕਿ ਤੁਸੀਂ ਕਮਲਿਓ ਇਹ ਕੀ ਕੀਤਾ । ਅਸੀਂ ਤਾਂ ਰਾਮ ਸਿੰਘ ਦੀ ਫਸਲ ਆਪ ਇਕੱਠੀ ਕੀਤੀ ਸੀ । ਤਾਂ ਫਿਰ ਉਹ ਪਿੰਡ ਦੇ ਲੋਕ ਰਾਮ ਸਿੰਘ ਦੇ ਘਰ ਨੂੰ ਆਏ ਅਤੇ ਉਨ੍ਹਾਂ ਨੂੰ ਕਹਿਣ ਲਗੇ ਕਿ ਸਿੰਘ ਜੀ ਤੁਹਾਡੇ ਦਾਣੇ ਲੋਕਾਂ ਨੇ ਚੁਕ ਲਏ ਹਨ । ਤਾਂ ਬਾਬਾ ਜੀ ਜੋ ਕਿ ਰਾਮ ਸਿੰਘ ਦੇ ਰੂਪ ਵਿਚ ਸਨ, ਕਹਿਣ ਲਗੇ ਕਿ ਜੇ ਮੇਰੇ ਦਾਣੇ ਹੋਣਗੇ ਤਾਂ ਉਨ੍ਹਾਂ ਨੂੰ ਕੋਈ ਨਹੀਂ ਚੁਕ ਸਕਦਾ । ਮੈਂ ਤਾਂ ਰੋਟੀ ਖਾ ਕੇ ਹੀ ਆਵਾਂਗਾ । ਤਾਂ ਫਿਰ ਲੋਕਾਂ ਨੇ ਕਿਹਾ ਕਿ ਬਾਬਾ ਜੀ ਜਿਨ੍ਹਾਂ ਨੇ ਤੁਹਾਡੇ ਦਾਣੇ ਚੁਕੇ ਹਨ ਉਹ ਤਾਂ ਦਾਣਿਆਂ ਦੀਆਂ ਗਠਾਂ ਚੁਕ ਤੁਰ ਨਹੀਂ ਸਕਦੇ । ਅਤੇ ਉਹ ਬਹੁਤ ਦੁਖੀ ਹਨ । ਤੁਸੀਂ ਹੁਣ ਹੀ ਚਲੋ । ਫਿਰ ਬਾਬਾ ਜੀ ਆਰਾਮ ਨਾਲ ਰੋਟੀ ਖਾ ਕੇ ਗਏ, ਉਥੇ ਜਾ ਕੇ ਬਾਬਾ ਨੂੰ ਲੋਕਾਂ ਨੇ ਕਿਹਾ ਕਿ ਇਨ੍ਹਾਂ ਨੂੰ ਬਖਸ਼ੋ । ਇਨ੍ਹਾਂ ਤੋਂ ਬਾਬਾ ਜੀ ਬਹੁਤ ਭਾਰੀ ਭੁਲ ਹੋ ਗਈ ਹੈ । ਫਿਰ ਬਾਬਾ ਜੀ ਨੇ ਅਰਦਾਸਾ ਕੀਤਾ ਕਿ ਤੁਸੀਂ ਬਾਬਾ ਜੀ ਦੇ 25, 25 ਰੁਪਏ ਦੀ ਸੁਖ ਸੁਖੋ ਤਾਂ ਫਿਰ ਉਨ੍ਹਾਂ ਨੇ ਇਹ ਸੁਖ, ਸੁਖ ਲਈ ਅਤੇ ਉਨ੍ਹਾਂ ਦੀਆਂ ਗਠਾਂ ਵਾਰੀ ਵਾਰੀ ਹੇਠ ਡਿਗਣ ਲਗ ਪਈਆਂ । ਅਤੇ ਬਾਬਾ ਜੀ ਜੋ ਕਿ ਰਾਮ ਸਿੰਘ ਦੇ ਰੂਪ ਵਿਚ ਸਨ ਧਰਤੀ ਮਾਤਾ ਨੂੰ ਕਿਹਾ ਕਿ ਇਨ੍ਹਾਂ ਦੇ ਪੈਰ ਛਡ ਦੇ । ਅਤੇ ਉਨ੍ਹਾਂ ਸਿੰਘਾਂ ਨੂੰ ਕਿਹਾ ਕਿ ਤੁਸੀਂ ਫਿਰ ਕਦੇ ਕਿਸੇ ਦੀ ਚੋਰੀ ਨਾ ਕਰਨਾ ।

ਫਿਰ ਬਾਬਾ ਜੀ ਊਨਾ ਸਾਹਿਬ ਨੂੰ ਵਾਪਸ ਆ ਗਏ ਅਤੇ ਊਨਾ ਸਾਹਿਬ ਆ ਕੇ ਬਾਬਾ ਜੀ ਨੇ ਰਾਮ ਸਿੰਘ ਨੂੰ ਕਿਹਾ ਕਿ ਤੂੰ ਹੁਣ ਆਪਣੇ ਘਰ ਨੂੰ ਜਾ ਅਤੇ ਆਪਣਾ ਕਣਕ ਦਾ ਬੋਹਲ ਸੰਭਾਲ । ਤਾਂ ਰਾਮ ਸਿੰਘ ਨੇ ਕਿਹਾ ਕਿ ਮੈਂ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਨਹੀਂ ਰਹਿ ਸਕਦਾ । ਤਾਂ ਫਿਰ ਬਾਬਾ ਜੀ ਨੇ ਕਿਹਾ ਕਿ ਤੂੰ ਅਖਾਂ ਮੀਟ, ਜਦ ਤੂੰ ਅਖਾਂ ਖੋਲੇਂਗਾ ਤਾਂ ਤੂੰ ਆਪਣੇ ਕਣਕ ਦੇ ਬੋਹਲ ਦੇ ਪਾਸ ਹੋਵੇਂਗਾ । ਤਾਂ ਫਿਰ ਰਾਮ ਸਿੰਘ ਨੇ ਇਸ ਤਰ੍ਹਾਂ ਵਾਪਸ ਊਨਾ ਸਾਹਿਬ ਆਉਣ ਲਈ ਵੀ ਬੇਨਤੀ ਕੀਤੀ । ਪਰ ਬਾਬਾ ਜੀ ਨਾ ਮੰਨੇ । ਪਰ ਬਾਬਾ ਜੀ ਨੇ ਉਸ ਨੂੰ ਇਕ ਸਬਦ ਦੇ ਦਿਤਾ ਅਤੇ ਕਿਹਾ ਕਿ ਜਦ ਤੂੰ ਇਹ ਸ਼ਬਦ ਅਖਾਂ ਮੀਟ ਕੇ ਪੜ੍ਹਿਆ ਕਰੇਂਗਾ ਤਾ ਮੈਂ ਤੈਨੂੰ ਉਥੇ ਜਾ ਕੇ ਦਰਸ਼ਨ ਦੇ ਦਿਆ ਕਰਾਂਗਾ । ਜਦ ਉਹ ਚੋਰ ਰਾਮ ਸਿੰਘ ਦੇ ਪਿੰਡ ਤੋਂ ਊਨਾ ਸਾਹਿਬ ਸੁਖ ਦੇਣ ਆਏ ਤਾਂ ਰਾਹ ਵਿਚ ਉਨ੍ਹਾਂ ਨੂੰ ਇਕ ਹੋਰ ਸਿੰਘ ਮਿਲ ਪਿਆ । ਤਾਂ ਉਨ੍ਹਾਂ ਚੋਰਾਂ ਨੇ ਕਿਹਾ ਕਿ ਜੋ ਕੁਝ ਤੇਰੇ ਪਾਸ ਹੈ ਇਥੇ ਰਖ ਦੇ । ਤਾਂ ਉਸ ਨੇ 100 ਰੁਪਏ ਜੋ ਉਸ ਦੇ ਪਾਸ ਸਨ ਉਹ ਰਖ ਦਿਤੇ । ਤਾਂ ਉਨ੍ਹਾਂ ਪੁਛਿਆ ਕਿ ਇਹ ਰੁਪਏ ਕਿਸਦੇ ਹਨ ਤਾਂ ਉਸ ਨੇ ਕਿਹਾ ਕਿ ਇਹ ਰੁਪਏ ਮੇਰੇ ਗੁਰੂ ਦੇ ਹਨ । ਤਾਂ ਉਨ੍ਹਾਂ ਚੋਰਾਂ ਵਿਚੋਂ ਇਕ ਨੇ ਕਿਹਾ ਕਿ ਅਸੀਂ ਤਾਂ ਪਹਿਲਾਂ ਹੀ ਫਸੇ ਹੋਏ ਹਾਂ । ਇਹ ਰੁਪਏ ਸਾਨੂੰ ਕਿਸ ਤਰ੍ਹਾਂ ਪਚਣਗੇ ਜੋ ਕਿ ਗੁਰੂ ਦੇ ਹਨ । ਅਸੀਂ ਸਿੰਘ ਦੇ ਦਾਣੇ ਚੁਕ ਕੇ ਤਾਂ ਇਥੇ ਪੁਜੇ ਹਾਂ । ਇਹ ਪੈਸੇ ਸਿੰਘ ਨੂੰ ਵਾਪਸ ਕਰ ਦਿਤੇ ।

---


## ਪਾਠਕ ਜੀਓ

ਅਜੂਨੀ ਤੁਸੀਂ ਕਾਫੀ ਸਮੇਂ ਤੋਂ ਪੜ੍ਹ ਰਹੇ ਹੋ ।

ਕਿਰਪਾ ਕਰਕੇ ਆਪਣੀ ਰਾਏ ਲਿਖ ਭੇਜੋ ਕਿ ਪਰਚਾ ਤੁਹਾਨੂੰ ਕਿਹੋ ਜਿਹਾ ਲਗਾ ਹੈ ।

—ਮੈਨੇਜਰ

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

## ਅਥ ਕਥਾ ਪ੍ਰਸੰਗਾ

### ੧ ਸਕੰਧ ਪੂਰਬਾਰਧ

### ੨੪ ਅਧਯਾਯ

ੴ ਤਤ ਸਭ

ਜਬ ਜਾਇ ਕਰ ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਜੀ ਕਾ ਦਰਸਨ ਕੀਆ ਤਬ ਸ੍ਰੀ ਭਾਗ ਸਿੰਘ ਜੀ ਨੇ ਕਹਾ ਭਗਵਨ ਆਪ ਹਮ ਕੋ ਸਿਖ ਕਰੋ ਵੈਦਿਕ ਮਿਰਯਾਦਾ ਸਿਥਤੀ ਵਾਸਤੇ ਤਬ ਬਾਬਾ ਜੀ ਨੇ ਬਚਨ ਕੀਆ ਜੇ ਭਾਈ ਜੀ ਆਪਨੇ ਹਮਾਰੇ ਸਿਖਯ ਹੋਣੇ ਕੀ ਮਨਸਾ ਧਾਰੀ ਹੈ ਤੋ ਐਸੇ ਕਾਮ ਕਰੋ ਕਯਾ ਸਿਖਾਂ ਕੋ ਚਾਹੀ ਜੋ ਹਮੇਸਾਂ ਗੁਰੂ ਕੀ ਆਗਯਾ ਮੈ ਰਹਣਾ ਸੋ ਯੇ ਹਮਾਰੀ ਆਗਯਾ ਹੈ ਅੰਮ੍ਰਿਤ ਛਕੋ ਔ ਗਾਤਰੇ ਤਰਵਾਰ ਪਹਰੋ ਔ ਕਛਾ ਪਹਰੋ ਯੇ ਸ੍ਵਾਂਗ ਉਤਾਰ ਦੇਵਹੁ ॥

ਪ੍ਰਸ਼ਨ—ਹੇ ਭਗਵਾਨ ਆਪ ਹਮ ਕੂੰ ਕੈਸੇ ਅੰਮ੍ਰਿਤ ਛਕਾਤੇ ਹੋ ਪਤਾਸਯਾਂ ਵਾਰੋ ਅਥਵਾ ਕਿਸੀ ਔਰ ਪ੍ਰਕਾਰ ਕੋ ਉੱਤ੍ਰ ਅਸਲ ਅੰਮ੍ਰਿਤ ਤੋ ਆਗੇ ਹੀ ਆਪਨੇ ਤੁਮਾਰੇ ਪਾਸ ਹੈ ਅਬ ਤੋ ਏਹੀ ਪਤਾਸੇ ਘੋਲ ਕੇ ਛਕਾਵਨੇ ਹੈ। ਪ੍ਰਸਨ ਹੇ ਭਗਵਾਨ ਜੇ ਯੇ ਸ੍ਵਾਂਗ ਸਦੋਖ ਹੈ ਤੋ ਕਛਾਂ ਵਾਲਾ ਸ੍ਵਾਂਗ ਭੀ ਸਦੋਖ ਹੀ ਹੈ ਔ ਜੇ ਸ੍ਵਾਂਗ ਮਿਥਯਾ ਹੈ ਤੋ ਤੁਮਾਰਾ ਸ੍ਵਾਂਗ ਭੀ ਮਿਥਯਾ ਹੈ ਔ ਹੇ ਭਗਵਾਨ ਅੰਮ੍ਰਿਤ ਛਕਣੇ ਸੇ ਤਰਵਾਰ ਔ ਕਛ ਪਹਰਣੇ ਸੇ ਮੁਕਤ ਪਦ ਕੋ ਪ੍ਰਾਪਤ ਜੀਵ ਆਤਮਾ ਹੋ ਜਾਵੇਗਾ ਅਗੇ ਬੰਧ ਹੈ ਕੇ ਆਗੇ ਤੁਛ ਹੈ ਅਬ ਤੁਮਾਰਾ ਸ੍ਵਾਂਗ ਧਾਰਣੇ ਸੇ ਵਿਭੂ ਹੋ ਜਾਵੇਗਾ ਸ੍ਵਾਂਗ ਤੋ ਸਭ ਏਕ ਸਰੀਖੇ ਸਦੋਖ ਔ ਮਿਥਯਾ ਹੈ ਇਸ ਪ੍ਰਪੰਚ ਮੈ ਤੋਂ ਸਰਬ ਕਾ ਅਧਿਸ਼ਠਾਨ ਇਕ ਆਤਮ ਦੇਵ ਹੀ ਸਚਾ ਔਰ ਸਰਬ ਪ੍ਰਪੰਚ ਮਿਥਯਾ ਹੀ ਹੈ ਜਬ ਮਿਥਯਾ ਹੀ ਹੂਆ ਤਬ ਸ੍ਵਾਂਗੋਂ ਕਾ ਕਯਾ ਅਦਲ ਬਦਲ ਕਰਨਾ। ਕੁਛ ਸ੍ਵਾਂਗੋਂ ਸੇ ਪਰਮ ਪਦ ਕੋ ਨਹੀਂ ਪ੍ਰਾਪਤਿ ਹੋਈਤਾ ਬ੍ਰਹਮ ਆਤਮਾ ਕੇ ਅਭੇਦ ਗਯਾਨ ਸੇ ਪਰਮ ਪਦ ਕੋ ਪ੍ਰਾਪਤਿ ਹੋਈਤਾ ਹੈ।

ਉੱਤ੍ਰ—ਹੇ ਸਿਖਯ ਯਦਯਪੀ ਐਸੇ ਹੀ ਹੈ ਜੈਸੇ ਤੁਮ ਕਹਤੇ ਹੋ ਤਥਾਪੀ ਵਿਵਹਾਰਿਕ ਦਸਾ ਮੈ ਤੋ ਸਬ ਬਨਾਵਟ ਕਾ ਸ੍ਵਾਂਗ ਪੂਰਾ ਕਰਨਾ ਚਾਹੀਏ ਕਯੋਂਕੇ ਕੋਈਕੇ ਸ੍ਵਾਂਗ ਧਾਰ ਕਰਕੇ ਸੰਸਾਰ ਮੈ ਰਹਣਾ ਹੋਗਾ ਬਿਨਾਂ ਸ੍ਵਾਂਗ ਤੋ ਸੰਸਾਰ ਮੇ ਰਹਿਆ ਜਾਤਾ ਹੀ ਨਹੀਂ ਹੈ ਬ੍ਰਹਮਚਾਰੀ ਕਾ ਅਥਵਾ ਗ੍ਰਹਸਥ ਕਾ ਵਾ ਬਾਨ ਪ੍ਰਸਥ ਕਾ ਵਾ ਸੰਨਯਸਤ ਕਾ ਵਾ ਬਰਾਗੀ ਕਾ ਵਾ ਉਦਾਸੀਨ ਕਾ ਸ੍ਵਾਂਗ ਧਾਰ ਕਰ ਸੰਸਾਰ ਮੇ ਰਹੇਗਾ ਜਬ ਸ੍ਵਾਂਗ ਬਿਨਾਂ ਸਰੀਰ ਕਾ ਨਿਰਬਾਹ ਹੋਤਾ ਹੀ ਨਹੀਂ ਹੈ ਤੋ ਅਬ ਹਮ ਜਿਸ ਸ੍ਵਾਂਗ ਮੈ ਇਸਥਤ ਹੈ ਆਪ ਭੀ ਇਸੀ ਸ੍ਵਾਂਗ ਕੋ ਅੰਗੀਕਾਰ ਕਰੋ ਜੋ ਹਮਾਰੇ ਸਿਖਯ ਬਨਾ ਚਾਹਤੇ ਹੋ ਤੋ ਜਬ ਐਸੇ ਬਚਨ ਬਾਬਾ ਸਾਹਿਬ ਸਿੰਘ ਜੀ ਨੇ ਕਹੇ ਤਬ ਸ੍ਰੀ ਭਾਗ ਸਿੰਘ ਜੀ ਨੇ ਕਹਾ ਅਛਾ ਮਹਾਰਾਜ ਜੀ ਜੈਸੇ ਆਪ ਕੀ ਆਗਯਾ ਹੈ ਹਮ ਤੈਸੇ ਹੀ ਸਤ ਬਚਨ ਮਾਨਤੇ ਹੈ ਐਸੇ ਗੁਰੂ ਜੀ ਕੀ ਆਗਯਾਮਾਨ ਕਰ ਸ੍ਰੀ ਬਾਬਾ ਸਾਹਿਬ ਸਿੰਘ ਜੀ ਕੇ ਹਾਥ ਸੇ ਅੰਮ੍ਰਿਤ ਛਕਤੇ ਭਏ ਸੁਕਲ ਵਸਤ੍ਰ ਔ ਕਟ ਮੈ ਕਛਹਰਾ ਔ ਗਾਤ੍ਰੇ ਤੇਗਾ ਪਹਰਤੇ ਭਏ ਇਸੀ ਪ੍ਰਕਾਰ ਸੇ ਕੋਈਕ ਸਮਾ ਊਨੇ ਜੀ ਮੇ ਨਿਵਾਸ ਕਰਤੇ ਭਏ ਪ੍ਰਤਿ ਦਿਨ ਸਾਯੰ ਤਥਾ ਪ੍ਰਾਤਹਕਾਲ ਮੈ ਮਹਾਰਾਜ ਜੀ ਕੀ ਸਭਾ ਮੈ ਜਾਇ ਕਰ ਦਰਸ਼ਨ ਦੇ ਲੇ ਆਵਹਿ ਮਹਾ ਅਯਾਚ ਜੜ੍ਹਭਰਤ ਕੀ ਨਯਾਈ ਪਰਮ ਨਿਵਾਸੀ ਪੁਰਖ ਜਿਨ ਕੇ ਦਰਸ਼ਨ ਸੇ ਹੀ ਰਿਦਾ ਸਾਂਤ ਹੋਇ ਜਾਵੇ ਮਹਾਦੇਵ ਕੇ ਸਮਾਨ ਗਯਾਨ ਨੇਸ਼ਠਾ ਹੈ ਜਿਨ ਕੀ ਸਰਬ ਪ੍ਰਪੰਚ ਕੋ ਜਿਨੋ ਨੇ ਗਯਾਨ ਕਰ ਪ੍ਰਲਯ ਕਰ ਡਾਰਾਂ ਹੈ ਐਸੇ ਪਰਮ ਉਦਾਰਚਿਤ ਆਪਣੇ ਆਤਮ ਸ੍ਵਰੂਪ ਮੈ ਇਸਿਥਤ ਰਹੈ ਪਰਮ ਵਿਰਕਤ ਦਿਗੰਬਰ ਹੀ ਰਹਣੇ ਲਗੇ ਕੈਸੇ ਪ੍ਰਤਿ ਦਿਨ ਐਸੇ ਕਾਰ ਕੀਆ ਕਰੈ ਸੀਵਣਾ ਬਹੁਤ

ਅੱਡਾ ਕਰਤੇ ਥੇ ਜਿਸ ਸਿਖ ਕੀ ਪੁਸ਼ਾਕ ਸੀਵ ਕਰ ਦੇਣੀ ਉਸ ਸੇ ਇਤਨਾ ਕਰਾਰ ਕਰ ਲੈਣਾ ਕਯਾ ਕੇ ਭਾਈ ਸਿਖਾ ਤਾਂ ਤੇਰੀ ਪੁਸ਼ਾਕ ਹਮ ਸੀਵ ਦੇਤੇ ਜੋ ਦੋ ਵੇਲੇ ਏਕ ਦਿਨ ਮੈ ਤੇਰੀ ਪੌਸ਼ਾਕ ਹਮ ਪਹਰ ਕੇ ਮਹਾਰਾਜ ਜੀ ਕੀ ਸਭਾ ਮੈਂ ਦਰਸ਼ਨ ਕਰ ਆਵੇਂਗੇ ਤਬ ਪੀਛੇ ਤੇਰੀ ਪੌਸਾਕ ਤੇਰੇ ਕੋ ਦੇ ਦੇਵੇਂਗੇ ਜੋ ਯੇ ਬਾਤ ਮਨਜ਼ੂਰ ਤੇਰੇ ਕੋ ਹੈ ਤਾਂ ਸਾਥੋਂ ਪੁਸਾਕ ਸਿਵਾਇ ਲੈ ਜਬ ਇਸ ਪ੍ਰਕਾਰ ਮਹਾਰਾਜ ਜੀ ਕਹੇ ਤਬ ਸਿਖ ਹਾਥ ਦੋਨੋ ਜੋੜ ਕਰ ਬੇਨਤੀ ਕਰ ਕਹੈ ਜੀ ਸਚੇ ਪਾਤਸਾਹੁ ਜੀ ਆਪ ਪਹਲੇ ਵਸਤ੍ਰ ਪਹਰ ਕਰ ਸੀਤ ਪ੍ਰਸਾਦਿ ਕਰਕੇ ਪਸਚਾਤ ਹਮ ਕੋ ਦੇਵਹੁ ਤੋ ਹਮਾਰੇ ਅਹੋ ਭਾਗਯ ਹੈ ਇਸ ਰੀਤਿ ਸੇ ਮਹਾਰਾਜ ਜੀ ਜਿਸ ਕੀ ਪੁਸਾਕ ਸੀਵਕਰ ਦੇਵੇਂ ਸੋ ਤਿਸੀ ਕੀ ਪੁਸ਼ਾਕ ਦੋ ਵਾਰ ਦੋ ਵਕਤ ਪਹਰ ਕਰ ਬਾਬਾ ਜੀ ਕੇ ਦੀਵਾਨ ਮੇ ਹੋ ਆਵੇਂ ਦਰਸ਼ਨ ਕਰ ਕੇ ਫਿਰ ਉਸ ਕੋ ਉਸ ਕੀ ਪੁਸ਼ਾਕ ਦੇ ਦੇਵੇਂ ॥

ਇਸੀ ਰੀਤਿ ਸੇ ਕਿਤਨਾਕ ਕਾਲ ਊਨੇ ਜੀ ਮੈ ਨਿਵਾਸ ਕਰਤੇ ਭਏ ਦਿਗੰਬਰ ਹੋਕਰ ਬਸਤ੍ਰ ਰਖਯਾ ਨਹੀ ਔ ਨੰਗੇ ਭੀ ਨਹੀ ਰਹੇ ਜਹਾਂ ਕਹੀਂ ਬਾਬਾ ਜੀ ਸਹਜ ਸੁਹਾਵ ਮਿਲ ਜਾਵਹ ਸੈਲ ਕਰਤੇ ਹੁਏ ਤਬ ਹਾਥ ਜੋੜ ਕਰ ਐਸੇ ਕਹਯਾ ਕਰੈ ਹੇ ਸ੍ਰੀ ਭਾਈ ਭਾਗ ਸਿੰਘ ਜੀ ਅਸੀ ਤੁਹਾਡੇ ਟਹਲੀਏ ਹਾਂ ਅਰਥਾਤ ਤੁਮਾਰੇ ਦਾਸ ਹਾਂ ਆਪ ਸੁਕਦੇਵ ਜੀ ਕੀ ਨਯਾਈ ਸੇ ਭੀ ਉਪਾਧੀ ਤੇ ਰਹਤ ਹੋ ਔ ਹਮ ਬਾਹਰ ਸੇ ਉਪਾਧੀ ਸਹਤ ਹੈ ਇਸ ਸੇ ਆਪ ਕੇ ਦਾਸ ਹੈਂ ਆਪਕੋ ਹਮ ਸਿਖ ਬਨਾਯ ਕਰ ਅਬ ਸਪੂਤੇ ਭਏ ਹੈਂ ਆਪ ਕੇ ਆਸਯ ਕੋ ਯੇ ਅਗਯਾਨੀ ਜੀਵ ਕਯਾ ਜਾਨੈ ਜਬ ਐਸੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਬਚਨ ਕਰੈ ਤਬ ਸ੍ਰੀ ਭਾਗ ਸਿੰਘ ਜੀ ਬਾਬਾ ਜੀ ਕੇ ਸਾਥ ਜੋ ਸਿਖਾਂ ਕੇ ਸਮੂਹ ਹੋਨ ਉਨਕੀ ਓਰ ਦੇਖਕਰ ਹਸਕਰ ਐਸੇ ਬਚਨ ਕੀਆ ਕਰੈ ਕਿਉ ਭਾਈ ਸਿਖੋ ਜਬ ਤੁਮਾਰਾ ਗੁਰੂ ਹਮਾਰਾ ਦਾਸ ਹੂਆ ਤਬ ਤੁਮ ਹਮਾਰੇ ਕਯਾ ਲਗੇ ਐਸੇ ਪਰਮ ਅਚਾਹ ਕਿਸੇ ਦੂਸਰੇ ਪਰਮੇਸ੍ਰ ਕੀ ਆਪਣੇ ਆਤਮਾ ਸੇ ਬਿਨਾ ਕਾਣ ਨ ਰਾਖੈ ਸ੍ਵਯੰਜਯੋਤੀ ਆਤਮਾ ਨੰਦ ਵਿਖੇ ਹੀ ਅਸ਼ਟ ਪਹਰ ਮਗਨ ਰਹੈ ਔ ਸਮੀਪ ਵਰਤੀ ਸਰਬ ਸਿਖੋਂ ਪ੍ਰਤੀ ਭੀ ਬ੍ਰਹਮਾਤਕ ਕੇ ਅਭੇਦ ਕਾ ਹੀ ਉਪਦੇਸ਼ ਕਰੈ ਜਿਤਨਾ ਕਾਲ ਊਨੇ ਜੀ ਮੈ ਰਹੈ ਉਤਨਾ ਕਾਲ ਔ ਸ੍ਰੀ ਸਾਹਿਬ ਸਿੰਘ ਜੀ ਕਾ ਤੋ ਅੰਨ ਕਾ ਸਦਾਵਰਤ ਜਾਰੀ ਰਹਿਤਾ ਥਾ ਸ੍ਰੀ ਭਾਗ ਸਿੰਘ ਜੀ ਕਾ ਬ੍ਰਹਮ ਵਿਦਯਾ ਕਾ ਸਦਾਵਰਤ ਜਾਰੀ ਰਖਿਆ ਥਾ ॥ ਇਤਿ

ਜਬ ਐਸੇ ਸ੍ਰੀ ਭਾਗ ਸਿੰਘ ਜੀ ਸਮਾ ਬਹੁਤ ਸਾ ਬਿਤਾਵਤੇ ਭਏ ਤਬ ਏਕ ਦਿਨ ਬਾਬਾ ਸਾਹਿਬ ਸਿੰਘ ਜੀ ਨੇ ਬਚਨ ਕੀਆ ਸਭਾ ਕੇ ਬੀਚ ਬੈਠਯਾ ਹੋਇਆਂ ਕੇ ਆਓ ਭਾਈ ਭਾਗ ਸਿੰਘ ਜੀ ਆਜ ਰਾਤ੍ਰਿ ਕੋ ਜਾਗਣ ਕਰੀਏ ਤਬ ਸ੍ਰੀ ਗੁਰੂ ਭਾਗ ਸਿੰਘ ਜੀ ਨੇ ਕਹਾ ਕੇ ਸਤ ਬਚਨ ਸਚੇ ਪਾਤਸ਼ਾਹ ਜੀ ਏਕ ਰਾਤ੍ਰਿ ਕਾ ਕਯਾ ਜਾਗਣਾ ਹੈ ।

ਪ੍ਰਸ਼ਨ—ਫਿਰ ਕਿਤਨੀਆਂ ਰਾਤਾਂ ਜਾਗਣਾ ਹੈ ॥ ਉਤ੍ਰ ॥ ਮਹਾਰਾਜ ਜੀ ਜਾਗਣਾ ਹੈ ਤਾਂ ਛੇ ਮਹੀਨੇ ਹੀ ਜਾਗਯੇ ਵਹੁ ਕੈਸੇ ਬਨੇ ॥ ਉਤ੍ਰ ॥ ਵੋ ਪ੍ਰਸੰਗ ਜਾਗਨੇ ਕਾ ਐਸੇ ਬਨੇ ਐਸ਼ੇ ਕਰੋ ਕੇ ਬਾਹਰ ਸ਼ਹਰ ਸੇ ਤੰਬੂ ਲਗਵਾ ਲੇਵਹੁ ਬੀਚ ਮੇ ਪਲੰਘ ਬਿਛਾਇ ਕਰ ਆਪ ਊਪਰ ਬੈਠ ਜਾਵਹੁ ਔ ਹਮ ਆਪ ਕੇ ਸਨਮੁਖ ਬੈਠ ਜਾਤੇ ਹੈਂ ਛੇ ਮਹੀਨੇ ਪਰਯੰਤ ਨਾ ਲੰਬੇ ਪਵਾਂਗੇ ਔ ਨਾ ਲੰਬੇ ਪੈਣ ਦੇਵਾਂਗੇ ਨਾ ਆਖ ਝਮਕਾਂਗੇ ਔ ਨਾ ਝਮਕਣ ਦੇਵਾਂਗੇ ਨਾ ਪ੍ਰਸਾਦਿ ਪਾਵਾਂਗੇ ਔ ਨਾ ਪਾਵਣ ਦੇਵਾਂਗੇ ਨਾ ਲਘੁ ਸੋਚ ਤਥਾ ਇਸਨਾਨ ਆਦਿਕ ਕ੍ਰਿਆ ਕਰੇ ਗੇ ਔ ਨਾ ਲਘ ਸੋਚ ਕ੍ਰਿਆ ਕਰਣੇ ਦੇਵਾਂਗੇ ਇਤਯਾਦਿ ਨੇਮਾਂ ਕੋ ਪ੍ਰਤਗਯ ਪੂਰਬਕ ਧਾਰਕਰ ਜਾਗਣਾ ਹੋਵੇ, ਆਪਨੇ ਤਾਂ ਹਮ ਆਪ ਕੇ ਸਾਥ ਜਾਗਤੇ ਹੈ ਨਹੀ ਤੋ ਨਹੀ ਜਾਗਤੇ ਜਬ ਐਸੇ ਸ੍ਰੀ ਗੁਰੂ ਭਾਗ ਸਿੰਘ ਜੀ ਨੇ ਕਹਾ ਤਬ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਕਹਾ ਤਥਾਸਤ ਐਸੇ ਬਚਨ ਕਹਕਰ ਆਗਯਾ ਦੇਤੇ ਭਏ ਕੇ ਬਾਹਰ ਤੰਬੂ ਲਗਾ ਦੇਵਹੁ ਸੋ ਸੇਵਕੋਂ ਨੇ ਬਾਹਰ ਤੰਬੂ ਲਗਾ ਦੀਏ ਬੀਚ ਪਲੰਘ ਬਿਛ ਗਏ ਜਾਜਮਾ ਬਿਛ ਗਈਆਂ ਮਹਾਰਾਜ ਬਾਬਾ ਜੀ ਆਪਣੇ ਮੰਤ੍ਰੀਆਂ ਕੋ ਸਭ ਰਾਜ ਔ ਲੰਗਰ ਕੀ ਕਾਰ ਸੌਂਪ ਕਰ ਆਗਯਾ ਦੇਤੇ ਭਏ ਕੇ ਤੰਬੂ ਕੇ ਚਾਰੋ ਓਰ ਪਹਰੇ ਖੜੇ ਰਹੋ ਹਰ ਵੇਲੇ ਕੋਈ ਭੀ ਹਮਾਰੀ ਆਗਯਾ ਬਿਨਾ ਭੀਤਰ ਤੰਬੂ ਕੇ ਨਹੀ ਆਵੈ ਚਾਹੇ ਹਮਾਰੇ ਕੋ ਕਿਤਨਾ

ਕਾਲ ਵਿਤੀਤ ਹੋ ਜਾਵੇ ਐਸੇ ਆਗਯਾ ਦੇਕਰ ਦੋਨੋ ਮੂਰਤੀਆਂ ਤੰਬੂ ਮੈ ਪ੍ਰਵੇਸ਼ ਕਰ ਜਾਤੇ ਭਏ ਆਪਸ ਮੈ ਸਨਮੁਖ ਬੈਠ ਜਾਤੇ ਭਏ ਆਸਣ ਬਾਂਧਕਰ ਰਾਤ੍ਰ ਦਿਨ ਏਕਰਸ ਬੈਠੇ ਰਹਤੇ ਭਏ ਨੇਤ੍ਰ ਭੀ ਨ ਝਮਕਤੇ ਭਏ ਬਰਾਬਰ ਖਟਮਾਸ ਪ੍ਰਯੰਤ ਇਕ ਆਸਣ ਇਸਥਿਤ ਰਹੇ ਦੋਨੋ ਕਾ ਤੁਲ ਬਲ ਤਥਾ ਤੁਲ ਸ਼ਕਤੀ ਤਥਾ ਤੁਲ ਸਰਬ ਗਯਤਾ ਤਥਾ ਸਮ ਗਯਾਨ ਤਥਾ ਸਮ ਵੈਰਾਗ ਤਥਾ ਸਮ ਧਰਮ ਤਥਾ ਸਮ ਦੈਵੀ ਐਸਵਰਯ ਐਸੇ ਬੈਠਕਰ ਖਟਮਾਸ ਬਿਤਾ ਦੇਤੇ ਭਏ ਜਬ ਛੇਵੇ ਮਹੀਨੇ ਕਾ ਏਕ ਦਿਨ ਬਾਕੀ ਰਹਿਆ ਤਾਂ ਸ੍ਰੀ ਗੁਰ ਭਾਗ ਸਿੰਘ ਜੀ ਬਿਚਾਰਿਆ ਜੋ ਗੁਰੂ ਕੇ ਸਿਖਾਂ ਕੋ ਗੁਰੂ ਕੀ ਬਰਾਬਰੀ ਨਾ ਕਰਣੀ ਚਾਹੀਏ ਐਸੇ ਚਿਤਨ ਕਰਕੇ ਛੇਵੇ ਮਹੀਨੇ ਕੇ ਅੰਤ ਕੇ ਦਿਨ ਮੈ ਪ੍ਰਾਤਹ ਕਾਲ ਹੋਤੇ ਹੀ ਥੋੜਾ ਸਾ ਨੇਤ੍ਰ ਮੂੰਦ ਲੇਤੇ ਭਏ ਜਬ ਨੇਤ੍ਰ ਮੂੰਦੇ ਤਬ ਉਸੀ ਕਾਲ ਮੇ ਬਾਬਾ ਜੀ ਨੇ ਬਚਨ ਕੀਆ ਕੇ ਭਾਈ ਜੀ ਯੇ ਕਯਾ ਤਬ ਸੁਣਕਰ ਮਹਾਰਾਜ ਹਸਕਰ ਕਹਣੇ ਲਗੇ ਕੇ ਮਹਾਰਾਜ ਜੀ ਆਪ ਕੀ ਸਮਤਾ ਹਮ ਕੋ ਨ ਕਰਨੀ ਚਾਹੀਏ ਸਿਖਾਂ ਕੋ ਗੁਰੂ ਕੀ ਸਮਤਾ ਕਰਣੀ ਯੋਗਯ ਨਹੀ ਹੈ ਤਬ ਬਾਬਾ ਜੀਨੇ ਬਚਨ ਕੀਆ ਕੇ ਬਸ ਭਾਈ ਜੀ ਅਬ ਚਲੋ ਇਸਨਾਨ ਆਦੀ ਕ੍ਰਿਆ ਕਰੋ ਐਸੇ ਬਚਨ ਕਰਕੇ ਆਪਸ ਮੈ ਪਰਸਪਰ ਦੇਖ ਕੇ ਹਸ ਉਠ ਖੜੇ ਹੂਏ ਆਗਯਾ ਕਰਤੇ ਭਏ ਪਹਰੇ ਵਾਲੇ ਕੋ ਕੇ ਯੇ ਤੰਬੂ ਆਦਿ ਸਮਗ੍ਰੀ ਸਭ ਉਠਾਇ ਲੈ ਜਾਵਹੁ ਐਸੇ ਬਚਨ ਕਰਕੇ ਬਾਹਰ ਆਵਤੇ ਭਏ ਸ੍ਰਿਸਟਚਿਤ ਦੋਨੋ ਕੇ ਮੁਖ ਕੀ ਕਾਂਤੀ ਜਿਨ ਕੀ ਆਗੇ ਸੇ ਤੇਜ ਵਾਲੀ ਹੋਤੀ ਭਈ ਆਇਕਰ ਦਿਵਾਨ ਮੇ ਬਿਰਾਜਮਾਨ ਹੋਤੇ ਭਏ ਜੈਸੇ ਆਗੇ ਸਵਸਤਚਿਤ ਨਿਤਨੇਮ ਕੀ ਚੇਸ਼ਟਾ ਥੀ ਉਸੀ ਪ੍ਰਕਾਰ ਕਰਨੇ ਲਗੇ ਸਵਾ ਪਹਰ ਨਿਸਾ ਸੇ ਜਾਗ ਕਰ ਸੋਚ ਇਸਨਾਨ ਆਦਿਕ ਕ੍ਰਿਆ ਕਰਕੇ ਧਯਾਨ ਮੈ ਇਸਥਿਤ ਹੋ ਜਾਵੈ ਰਾਗੀ ਜਨ ਆਸਾ ਕੀ ਵਾਰ ਕਾ ਉਚਾਰਣ ਕਰੈ ਸਭ ਸਿਖ ਸੰਗਤ ਗੁਰੂ ਕੇ ਸਬਦ ਕੇ ਪ੍ਰੇਮੀ ਇਸਨਾਨ ਕਰ ਸਭਾ ਮੈ ਅ ਇਕਰ ਗੁਰੂ ਜੀ ਕੋ ਪ੍ਰਣਾਮ ਕਰ ਕਰ ਬੈਠਤੇ ਜਾਵੈ ਸੂਰਯ ਉਦਯ ਹੋਏ ਤੇ ਆਸਾ ਕੀ ਵਾਰ ਕਾ ਭੋਗ ਪਾਵੈ ਫਿਰ ਸ਼੍ਰੀ ਗੁਰੂ ਸਾਹਿਬ ਸਿੰਘ ਜੀ ਧਯਾਨ ਸੇ ਉਥਾਨ ਹੋਵੈ ਤਬ ਦੋ ਘਟਿਕਾ ਦਿਨ ਚੜੇ ਪ੍ਰਸਾਦ ਆਇ ਜਾਵੈ ਬਾਬਾ ਕਲਾਧਾਰੀ ਕੇ ਦਰਬਾਰ ਮੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਭੋਗ ਲਗਾਇ ਕੇ ਭੰਡਾਰੀ ਫਿਰ ਪ੍ਰਸਾਦਿ ਬਾਂਟਣੇ ਲਗ ਜਾਵੈ ਪੰਗਤਿ ਮੈ ਪਹਲੇ ਦੂਰ ਜੋ ਬੈਠੇ ਹੋਵੈ ਉਨਕੋ ਦੇਵੈ ਪੁਨਾ ਉਨ ਸੇ ਜੋ ਉਰੇ ਹੋਵੈ ਉਨ ਕੋ ਦੇਵੈ ਇਸੀ ਰੀਤਿ ਸੇ ਜੋ ਪਾਸ ਕੀ ਪੰਕਤਿ ਤਿਸਮੈ ਸਭ ਤੇ ਪੀਛੇ ਤਹਾਂ ਪ੍ਰਸਾਦ ਵਰਤੇ ਪਸਚਾਤ ਆਪ ਸਾਹਿਬ ਪ੍ਰਸਾਦ ਪਾਇਕਰ ਦੋ ਘੰਟੇ ਸੈਨ ਕਰਕੇ ਪਲੰਘ ਪਰ ਪੁਨਾ ਉਠਕਰ ਸੋਚਾਦਿ ਕ੍ਰਿਆ ਇਸਨਾਨ ਕਰ ਕੇ ਪੁਨਾਯਾਮ ਦਿਨ ਰਹਤੇ ਦਿਵਾਨ ਲਗਾਵੈ ਹਜਾਰੋ ਸਿਖ ਸੰਗਤ ਆਇਕਰ ਦਰਸਨ ਕਰੈ ਔ ਭੇਟ ਚੜਾਵੈ ਅਨੇਕ ਪ੍ਰਕਾਰ ਕੇ ਕਾਮਨਾ ਵਾਲੇ ਲੋਕ ਆਵੈ ਜੈਸੀ ਜੈਸੀ ਕਾਮਨਾ ਵਾਲਾ ਆਵੈ ਗੁਰੂ ਜੀ ਕੀ ਸੁਖਣਾ ਸੁਖੈ ਕਾਮਨਾ ਪੂਰੀ ਹੋਈ ਤੇ ਪੀਛੇ ਵੋ ਸਿਖ ਭੇਟਾ ਲੇ ਆਵੈ ਔ ਆਕਰ ਦਰਸਨ ਕਰੈ ਭੇਟਾ ਚੜਾਵੈ ਕਿਤਨੇਕ ਸ੍ਰੀ ਗੁਰੂ ਜੀ ਕੇ ਪਯਾਰੇ ਵੈਰਾਗਵਾਨ ਸੋ ਸੰਸਾਰ ਸਮੁੰਦਰ ਤਰਣੇ ਅਰਥ ਗੁਰੂ ਜੀ ਕੀ ਨਿਸਕਾਮ ਹੀ ਸੇਵਾ ਕੀਆ ਕਰੈ ਇਸੀ ਪ੍ਰਕਾਰ ਸ਼੍ਰੀ ਗੁਰੂ ਸਾਹਿਬ ਸਿੰਘ ਜੀ ਔ ਸ਼੍ਰੀ ਭਾਗ ਸਿੰਘ ਜੀ ਅਨੇਕ ਵਾਰ ਬਿਲਾਸ ਸੇ ਜਾਗਤੇ ਭਏ ।

ਇਤੀ

ਅਬ ਤਦਨੰਤਰ ਸ਼੍ਰੀ ਗੁਰੂ ਭਾਗ ਸਿੰਘ ਜੀ ਪਛਮ ਕੋ ਗਵਨ ਕਰਨੇ ਲੀਏ ਸ੍ਰੀ ਬਾਬਾ ਜੀ ਕੇ ਪਾਸ ਆਗਯਾ ਲੇਣੇ ਕੋ ਜਾਤੇ ਭਏ ॥ ਜਬ ਜਾਇਕਰ ਆਗਯਾ ਮਾਂਗੀ ਤਬ ਸਾਹਿਬ ਬਡੇ ਪ੍ਰੇਮ ਸੇ ਬਚਨ ਕਰਤੇ ਭਏ ਕੇ ਭਾਈ ਜੀ ਕੋਈ ਦਿਨ ਇਥੇ ਹੀ ਦਰਸਨ ਦੇਵਹੁ ਸ਼੍ਰੀ ਗੁਰੂ ਜੀ ਕਾ ਬਚਨ ਸੁਨਕਰ ਮਹਾਰਾਜ ਜੀ ਨੇ ਕਹਾ ਕਿ ਹੇ ਭਗਵਨ ਇਸ ਸਰੀਰ ਕੀ ਪ੍ਰਾਰਬਧ ਪਰਬਤ ਦੇਸ ਕੀ ਬਹੁਤ ਹੈ ਪੁਨਾ ਆਪਕਾ ਦਰਸਨ ਕਰੈਗੇ ਅਨੇਕ ਵਾਰ ਐਸੇ ਗੁਰੂ ਜੀ ਕੇ ਸੰਗ ਬਚਨ ਬਿਲਾਸ ਕਰਕੇ ਊਨੇ ਜੀ ਸੇ ਚਲਤੇ ਭਏ ਸਨੇ ਸਨੇ ਬਿਚਰਤੇ ਹੂਏ ਔ ਸੰਤ ਮਹਾਤਮਾ ਕਾ ਦਰਸਨ ਕਰਤੇ ਹੂਏ ਕੁਰੀ ਏਕ ਨਗਰਿ ਕਾ ਨਾਮ ਹੈ ਰਾਵਲਪਿੰਡੀ ਸੇ ਪਾਂਚ ਕੋਸ ਪਹਾੜ ਕੀ ਓਰ ਹੈ ਤਹਾਂ ਗ੍ਰਾਮ ਸੇ ਕੋਸ ਭਰ ਦੂਰ ਏਕ ਗੁਖਰਾਹ ਨਾਮ ਨਦੀ ਛੋਟੀ ਸੀ ਚਲਤੀ ਹੈ ਤਿਸਕੇ ਕਨਾਰੇ ਪਰ ਏਕ ਗੁਫਾ ਹੈ ਤਿਸ ਗੁਫਾ ਮੈ ਮਹਾਰਾਜ ਰਹਤੇ

ਭਏ ਬਹੁਤ ਕਾਲ ਪ੍ਰਯੰਤ ਗ੍ਰਾਮ ਸੇ ਸੂਕਾ ਆਟਾ ਭਿਖ੍ਯਾ ਮਾਂਗ ਲਯਾਵੈ ਔ ਉਸ ਆਟੇ ਕੀ ਅੰਗਾਖੜੀ ਏਰਨੇ ਗੋਹੇਕੀ ਆਂਚ ਮੈ ਲਗਾਇ ਲੇਵੇ ਕਿਸੀ ਸੇ ਲਵਣ ਭੀ ਨ ਮਾਗੇ ਔ ਸਮਸਤ ਰਸਕਾ ਪਰਿਤਯਾਗ ਕਰ ਇਸਥਿਤ ਭਏ ਜਬ ਕੋਈ ਪ੍ਰਸਾਦਿ ਵਾਸਤੇ ਨਿਮੰਤਨ ਕਹੇ ਭੀ ਤੋ ਭੀ ਕਿਸੀ ਕੇ ਨਾ ਜਾਵੇ ਜੇ ਕੋਈ ਪ੍ਰੇਮੀ ਕਹੇ ਕਿ ਮਹਾਰਾਜ ਆਪ ਕੇ ਵਾਸ਼ਤੇ ਪ੍ਰਸਾਦੀ ਇਥੇ ਹੀ ਲੈ ਆਵਤਾ ਹੋ ਤਬ ਐਸਾ ਬਚਨ ਕਰੈ ਭਾਈ ਜੀ ਹਮ ਨੇ ਪ੍ਰਸਾਦ ਪਾਯਾਭੀ ਹੈ ਵੋ ਦੇਖੋ ਬਾਂਧ ਕਰ ਰਖ੍ਯਾ ਭੀ ਹੈ ਅਹਾਰ ਗੁਰੂ ਜੀ ਇਤਨਾਕ ਕਰਤੇ ਥੇ ਕਯਾ ਦੋ ਪੈਸਾ ਭਰ ਅਨਕਾ ਰਸ ਚੂਸ ਲੇਵੈਂ ਬਾਕੀ ਕੀ ਅੰਗਾਖੜੀ ਬਾਂਧ ਕਰ ਰਖ ਦੇਵੇਂ ਕਪੜੇ ਕੇ ਪਲੇ ਜ ਕੋਈ ਪੂਛੇ ਕਹੇ ਪ੍ਰਸਾਦ ਵਾਸਤੇ ਤਬ ਐਸਾ ਹੀ ਬਚਨ ਕਰ ਦੇਵੈਂ ਭਾਈ ਛਕਿਆ ਭੀ। ਹੈ ਰਾਤ੍ਰੀ ਵਾਸਤੇ ਬਾਂਧਕਰ ਰਖ੍ਯਾ ਭੀ ਹੈ ਫਰੀਦ ਜੀ ਕੀ ਨਯਾਂਈਂ ਝੂਠ ਨਹੀਂ ਬੋਲਤੇ ਥੇ ਜੈਸੇ ਫਰੀਦ ਜੀ ਨੇ ਕਾਠਕੀ ਰੋਟੀ ਬਨਵਾਇ ਕਰ ਆਪਣੇ ਕਟਿਕੇ ਸਾਥ ਬਾਂਧ ਛੋਡੀ ਪਰਮ ਪ੍ਰੀਤੀ ਪ੍ਰਮੇਸੁਰ ਜੀ ਕੇ ਚਰਣੋਂ ਮੇ ਹੋਤੀ ਭਈ ਹੈ ਜਿਨਕੀ ਨਾਰਾਯਣ ਜੀ ਕੇ ਪ੍ਰੇਮ ਮੈ ਮਸਤ ਰਹੈ ਅਸਟ ਪਹਰ ਜੇ ਕੋਈ ਕਹੇ ਕੇ ਫਰੀਦ ਜੀ ਰੋਟੀ ਖਾਵਹੁ ਤਬ ਐਸਾ ਉਤ੍ਰ ਦੇਵੇ ਭਾਈ ਹਮ ਨੇ ਰੋਟੀ ਖਾਈ ਭੀ ਹੈ॥ ਯੇ ਹਮਾਰੀ ਕਮਰ ਨਾਲ ਭੀ ਬਾਂਧੀ ਹੋਈ ਹੈ ਰਾਤ੍ਰੀ ਵਾਸਤੇ ਐਸੇ ਹੀ ਭਗਵਿਤ ਕੀ ਪ੍ਰੀਤੀ ਕਰਕੇ ਝੂਠ ਬੋਲਤੇ ਰਹੇ ਇਸ ਰੀਤਿ ਸੇ ਨਿਰਾਹਾਰ ਰਹੇ ਅਥਵਾ ਸੂਕੇ ਪਤ੍ਰ ਬ੍ਰਿਖੋਂ ਕੇ ਖਾਈ ਛੋਡੇਂ ਬਾਰਾ ਬਰਸ ਪ੍ਰਯੰਤ ਐਸਾ ਕਠਨ ਤਪ ਕੀਆ ਜੈਸਾ ਕੋਈ ਨ ਕਰ ਸਕੇ ਸੋ ਸ਼ੇਖ ਫ਼ਰੀਦ ਜੀ ਕੇ ਸਲੋਕੋਂ ਮੈ ਏਈ ਰੋਟੀ ਕੇ ਪ੍ਰਸੰਗਕਾ ਸਲੋਕ ਲਿਖਾ ਹੈ॥

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ।
ਜਿਨਾ ਖਾਧੀਆਂ ਚੋਪੜੀਆਂ ਘਣੇ ਸਹਨ ਗੇ ਦੁਖ।੧।

ਪੁਨਾ ਬਾਰਾ ਬਰਸ ਪੀਛੇ ਏਕ ਦਿਨ ਭਗਵੰਤ ਨੇ ਕ੍ਰਿਪਾ ਕਰਕੇ ਯੇ ਦ੍ਰਿਸ਼ਟਾਂਤ ਦਿਖਾਯਾ ਏਕ ਅਸਥਾਨ ਮੈ ਏਕ ਮੁਰਦਾ ਸ਼ੇਖ ਫਰੀਦ ਜੀ ਨੇ ਜਲਤਾ ਦੇਖ੍ਯਾ ਸਾਰਾ ਮੁਰਦਾ ਜਲ ਗਯਾ ਹੈ ਏਕ ਸਿਰ ਉਸ ਕਾ ਨਹੀ ਜਲਤਾ ਹੈ ਬਹੁਤ ਸੀ ਲਕੜੀਆਂ ਲੋਕ ਪਾਇ ਚੁਕੇ ਹੈ ਬਹੁਤ ਸਾ ਤਿਸ ਮੁਰਦੇ ਕੇ ਸਿਰ ਕੋ ਠੋਰ ਰਹੇ ਹੈ ਪਰੰਤੂ ਵੋ ਮੁਰਦੇ ਕਾ ਸਿਰ ਨਹੀ ਜਲਦਾ ਹੈ ਨ ਫੁਟਤਾ। ਸਭ ਲੋਕ ਜਤਨ ਕਰ ਕਰ ਕੇ ਹਾਰ ਰਹੇ ਹੈ ਤਬ ਫਰੀਦ ਜੀ ਨੇ ਪ੍ਰਮੇਸੁਰ ਆਗੇ ਪ੍ਰਾਰਥਨਾ ਕਰੀ ਕੇ ਹੇ ਭਗਵਨ ਯੇ ਕਯਾ ਹੈ ਇਸ ਮੁਰਦੇ ਕਾ ਸਿਰ ਕਯੋਂ ਨਹੀ ਜਲਤਾ ਜਬ ਐਸੀ ਬੇਨਤੀ ਕਰੀ ਫਰੀਦ ਜੀ ਨੇ ਤਬ ਅਕਾਸ ਬਾਣੀ ਹੋਤੀ ਭਈ ਹੇ ਫਰੀਦ ਇਸ ਪੁਰਖ ਨੇ ਏਕ ਝੂਠ ਬੋਲਯਾ ਥਾ ਇਸ ਵਾਸਤੇ ਇਸ ਕਾ ਸਿਰ ਨਹੀਂ ਜਲਤਾ ਇਸ ਕੀ ਜੀਵ ਕਲਾ ਇਸ ਕੇ ਸਿਰ ਵਿਖੇ ਰੋਕ ਕਰ ਸਜਾਇ ਦਈ ਜਾਤੀ ਹੈ ਜਬ ਐਸਾ ਅਕਾਸ ਬਾਣੀ ਕਾ ਕਹਣਾ ਫਰੀਦ ਜੀ ਨੇ ਸੁਣਿਆ ਤਬ ਫਰੀਦ ਜੀ ਕੇ ਮਨ ਵਿਖੇ ਬਡਾ ਭੈ ਉਤਪਨ ਹੋਤਾ ਭਯਾ ਕਹਣ ਲਗਾ ਕੇ ਹੇ ਭਗਵੰਤ ਮੈ ਤਾ ਬਡਾ ਝੂਠ ਬੋਲਤਾ ਰਹਿਆ ਹੂ ਮੇਰਾ ਕਯਾ ਹਾਲ ਹੋਗਾ ਜਬ ਐਸੀ ਬੇਨਤੀ ਕਰੀ ਤਬ ਪੁਨਾ ਆਕਾਸ ਬਾਣੀ ਹੋਈ ਹੇ ਫਰੀਦ ਤੂੰ ਮੇਰੀ ਪ੍ਰੀਤ ਵਾਸਤੇ ਅਰਥਾਤ ਮੇਰੀ ਪ੍ਰਸੰਨਤਾ ਵਾਸਤੇ ਝੂਠ ਬੋਲਤਾ ਰਹਯਾ ਹੈ ਸੋ ਅਬ ਪਿਛਲਾ ਝੂਠ ਬੋਲਯਾ ਤੇਰੇ ਕੋ ਹਮ ਨੇ ਬਖਸਯਾ ਅਬ ਆਗੇ ਤੁਮ ਨੇ ਝੂਠ ਨਹੀ ਬੋਲਣਾ ਯੇ ਪਰਮੇਸੁਰ ਜੀ ਨੇ ਫਰੀਦ ਜੀ ਕੋ ਦ੍ਰਿਸ਼ਟਾਂਤ ਦਿਖਾਯਾ ਹੈ ਜੋ ਬਾਰਾਂ ਬਰਸ ਤਪ ਕੀਆ ਹੈ ਨਿਸਕਾਮ ਸੋ ਅਬ ਫਰੀਦ ਜੀ ਕਾ ਪੂਰਣ ਹੋਇਆ ਹੈ ਤਪ ਸੇ ਨਿਵਰਤ ਕਰਣੇ ਵਾਸਤੇ ਭਗਵੰਤ ਨੇ ਯੇ ਦ੍ਰਿਸ਼ਟਾਂਤ ਦਿਖਾਯਾ ਹੈ ਸੋ ਪ੍ਰਸੰਗ ਮੇ ਯੇ ਆਯਾ ਸ੍ਰੀ ਭਾਗ ਸਿੰਘ ਜੀ ਅੰਨ ਕਾ ਰਸ ਦੋ ਸਰਸਾਹੀ ਭਰ ਚੂਸਕਰ ਰੋਗ ਫੇਕ ਦੇਵੈਂ ਬਾਕੀ ਕਾ ਅੰਨ ਬਚਿਆ ਕਪੜੇ ਕੇ ਪਲੇ ਬਾਂਧਕਰ ਰਖ ਦੇਵੈਂ ਇਸੀ ਰੀਤਿ ਸੇ ਅਠਾਰਾ ਬਰਸ ਬਿਤਾ ਦੇਤੇ ਭਏ ਪੁਨਾ ਖਟਮਾਸ ਪ੍ਰਯੰਤ ਸਮਾਧੀ ਮੈ ਇਸਥਿਤ ਰਹੇ ਜਬ ਸ੍ਰੀ ਵੀਰ ਸਿੰਘ ਜੀ ਆਇ ਕੇ ਜਗਾਵਤੇ ਭਏ ਸੋ ਯੇ ਪ੍ਰਸੰਗ ਆਗੇ ਸ੍ਰੀ ਗੁਰੂ ਬੀਰ ਸਿੰਘ ਜੀ ਕੇ ਪ੍ਰਸੰਗ ਮੈ ਲਿਖੇਂਗੇ ਅਬ ਕੁਛਕ ਪ੍ਰਸੰਗ ਸ੍ਰੀ ਗੁਰੂ ਭਾਗ ਸਿੰਘ ਜੀ ਕਾ ਔ ਬੀਰ ਸਿੰਘ ਜੀ ਕੇ ਮਿਲਨੇ ਕਾ ਪ੍ਰਸੰਗ

ਲਿਖਤੇ ਹੈ ਪ੍ਰੇਮੀ ਸਿਖੋ ਕੇ ਪ੍ਰਸੰਨਤਾ ਵਾਸਤੇ ਯ ਅੰਮ੍ਰਿਤ ਮਯ ਕਥਾ ਸੁਣ ਕਰ ਬਹੁਤ ਸੇ ਸੰਸਾਰੀ ਜੀਵੋਂ ਕਾ ਕਲਯਾਨ ਹੋਵੇਗਾ ਯੇ ਜੋ ਪ੍ਰੇਮ ਸੇ ਪੁੰਨਯ ਰੂਪ ਕਥਾ ਕੋ ਸੁਣਾਵੇਂਗੇ ਜੋ ਪ੍ਰੇਮੀਜਨ ਪ੍ਰੇਮ ਸੇ ਸੁਣੇਂਗੇ ਸੋ ਸਰਬ ਪਾਪੋਂ ਸੇ ਮੁਕਤ ਹੋਕਰ ਸਚਖੰਡ ਕੋ ਪ੍ਰਾਪਤ ਹੋਵੇਂਗੇ ਜੋ ਯੇ ਮਹਾ ਮਹਾਤਮ ਵਾਲੇ ਗ੍ਰੰਥ ਕਾ ਵਿਚਾਰ ਕਰੈਂਗੇ ਸੋ ਗਯਾਨਦ੍ਵਾਰਾ ਮੋਖ ਕੋ ਪ੍ਰਾਪਤ ਹੋਵੈਗੇ ਜੋ ਕੋਈ ਮਨ ਵਿਖੇ ਕਾਮਨਾ ਧਾਰ ਕਰ ਸ੍ਰੀ ਗੁਰੂ ਜੀ ਕੀ ਕਥਾ ਪ੍ਰੇਮ ਸੇ ਨੇਮ ਕਰਕੇ ਸੁਣੇਗਾ ਸੋ ਸ੍ਰੀ ਗੁਰੂ ਮਹਾਰਾਜ ਜੀ ਉਨਕੇ ਮਨ ਕੀ ਕਾਮਨਾ ਪੂਰਨ ਕਰੇਂਗੇ।

ਓਤਤ ਸਤ

ਇਤਿ ਸ੍ਰੀ ਬੀਰ ਮ੍ਰਿਗੇਸ ਦੇਵਤਰੂ ਗੁ: ਪ੍ਰ: ਸ. ਸ੍ਰੀ ਗੁਰ ਭਾਗ ਸਿੰਘੋ ਪਾਖਯਾਨੇ ਚੌਬੀਸਵਾਂ ਅਧਯਾਯ ॥੪੨॥

❖

# ਸੰਪ੍ਰਦਾਇਕ ਸਮਾਚਾਰ

ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਬੇਦੀ, ਗਦੀ ਨਸ਼ੀਨ ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਵਲੋਂ ਪਿਤਾ ਪੁਰਖੀ ਨਾਨਕ ਸ਼ਾਹੀ

# ਧਰਮ ਪ੍ਰਚਾਰ ਦੇ ਪ੍ਰੋਗਰਾਮ

"ਜਿਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ"

ਹੇਠ ਲਿਖੇ ਪ੍ਰਵਾਰਾਂ ਦੇ ਗ੍ਰਹਿ ਵਿਖੇ, ਅਖੰਡ ਪਾਠ ਰਖੇ ਗਏ ਤੇ ਦੀਵਾਨ ਸਜਾਏ ਗਏ। ਬਾਬਾ ਜੀ ਨੇ ਗੁਰਮਤਿ ਪ੍ਰਚਾਰ ਦੇ ਪ੍ਰੋਗਰਾਮ ਨੂੰ ਨਿਭਾਇਆ ਤੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਨ ਦਾ ਜਤਨ ਕੀਤਾ।

31 ਜਨਵਰੀ — 1-2 ਫਰਵਰੀ 1972=ਸ. ਚਰਨ ਸਿੰਘ ਸ. ਬਲਵੰਤ ਸਿੰਘ ਪਿੰਡ ਗੌਂਸ਼ ਗੜ ਜਿਲਾ ਲੁਧਿਆਣਾ।

3-4-5 ਫਰਵਰੀ — ਸ. ਗੁਰਦਿਆਲ ਸਿੰਘ ਨਗਰ ਮਾਜਰੀ ਜ਼ਿਲਾ ਲੁਧਿਆਣਾ।

24-25-26 ਫਰਵਰੀ—ਸ. ਕਿਰਪਾਲ ਸਿੰਘ ਸਪੁਤਰ ਸ. ਜਗਤ ਸਿੰਘ।

10-11-12 ਮਾਰਚ — ਸ. ਪਾਲ ਸਿੰਘ ਜੀ ਪਿੰਡ ਰਾਏ ਕੀ ਤਲਵੰਡੀ ਜ਼ਿਲਾ ਲੁਧਿਆਣਾ।

12-13-14 ਮਈ—ਲਾਲਾ ਕਰਮ ਚੰਦ, ਮਹਲਾ ਸਜਾਦੀ ਲੁਧਿਆਨਾ ਆਪ ਦੀ ਸਪੁਤਰੀ ਦੇ ਵਿਵਾਹ ਸਮੇਂ।

11-12-13 ਜੂਨ—ਸ. ਸੰਤਾ ਸਿਘ ਜੀ ਪਿੰਡ ਘੁਡਾਨੀਆਂ, ਜ਼ਿਲਾ ਲੁਧਿਆਣਾ।

ਹੇਠ ਲਿਖੇ ਦੀਵਾਨ ਸਜਾਏ ਗਏ ਤੇ ਗੁਰਮਤਿ ਪ੍ਰਚਾਰ ਹੋਇਆ—

9 ਫਰਵਰੀ—ਸ. ਸੁਰਜੀਤ ਸਿੰਘ ਜੜੀਆ ਰੜੀ ਮਹਲਾ ਲੁਧਿਆਣਾ ਆਪ ਦੇ ਸਪੁਤਰ ਦੇ ਵਿਆਹ ਸਮੇਂ।

13 ਫਰਵਰੀ—ਸ. ਇੰਦਰ ਸਿੰਘ ਜੀ ਚਾਵਲਾ ਫੀਲਡ ਗੰਜ ਲੁਧਿਆਣਾ ਆਪ ਦੀ ਸਪੁਤਰੀ ਦੇ ਵਿਆਹ ਸਮੇਂ।

19 ਤੋਂ 22 ਫਰਵਰੀ—ਜਗਰਾਉਂ ਨਗਰ ਸੰਗਤਾਂ ਦੇ ਖੁਲ੍ਹੇ ਦੀਵਾਨ ਰਾਤ ਦੇ, ਗੁਰੂ ਨਾਨਕ ਪੁਰਾ ਗੁਰਦੁਆਰੇ ਵਿਖੇ ਡੇਰਾ, ਸ. ਸਤਿਨਾਮ ਸਿੰਘ ਮੁਹਕਮ ਸਿੰਘ ਜੀ ਦੇ ਗ੍ਰਹਿ ਵਿਖੇ ਸਵੇਰ ਦੇ ਦੀਵਾਨ ਸਜਦੇ ਰਹੇ।

23 ਫਰਵਰੀ—ਸ. ਸੁਰਜੀਤ ਸਿੰਘ ਰਾਏ ਕੀ ਤਲਵੰਡੀ ਜ਼ਿਲਾ ਲੁਧਿਆਣਾ ।

6 ਮਾਰਚ —ਸ. ਹਰਨਾਮ ਸਿੰਘ ਊਨਾ ਸਾਹਿਬ ਜਿਨ੍ਹਾਂ ਵਿਆਹ ਆਪਣੀ ਸਪੁਤਰੀ ਦਾ ਜਲੰਧਰ ਜਾ ਕੀਤਾ, ਵਿਆਹ ਸਮੇਂ ।

14 ਮਾਰਚ—ਸ. ਜੈਮਲ ਸਿੰਘ ਜੀ ਸਪੁਤਰ ਦੀ ਖੁਸ਼ੀ ਵਿਚ ਆਪ ਦੇ ਗ੍ਰਹਿ ਖੁਡ ਮਹਲਾ ਲੁਧਿਆਣਾ ਵਿਖੇ ।

18 ਮਾਰਚ—ਨੰਗਲ ਨਗਰ ਗੁਰਦੁਆਰਾ ਲੇਬਰ ਹਟ ਵਿਖੇ ।

19 ਮਾਰਚ—ਨੰਗਲ ਫੈਕਟਰੀ ਗੁਰਦੁਆਰਾ ਵਿਖੇ ।

20 ਮਾਰਚ ਸਵੇਰੇ—ਨੰਗਲ ਨਗਰ ਗੋਬਿੰਦ ਘਾਟ ਗੁਰਦੁਆਰੇ ਵਿਖੇ ।

20 ਮਾਰਚ ਰਾਤ — ਬਸਦੇੜੇ ਨਗਰ ਵਿਖੇ ।

21 ਮਾਰਚ—ਸਨੌਲੀ ਮਜਾਰੇ ਨਗਰ ਵਿਖੇ ।

6 ਅਪਰੈਲ—ਸਵੇਰੇ ਤੇ ਰਾਤ ਦੇ ਦੀਵਾਨ ਸ, ਪ੍ਰਮਿੰਦਰ ਸਿੰਘ ਜੀ ਮਾਡਲ ਗਰਾਮ ਲੁਧਿਆਣਾ ਵਿਖੇ ।

14 ਮਈ—ਲਾਲਾ ਕਰਮ ਚੰਦ ਮੁਹਲਾ ਸਈਦਾਂ ਲੁਧਿਆਣਾ ਆਪ ਦੀ ਸਪੁਤਰੀ ਦੇ ਸ਼ੁਭ ਵਿਆਹ ਸਮੇਂ ।

23 ਮਈ—ਸ. ਕੇਸਰ ਸਿੰਘ ਹਰਨਾਮ ਨਗਰ ਲੁਧਿਆਣਾ ਆਪ ਦੇ ਗ੍ਰਹਿ ਵਿਖੇ ।

## ਪ੍ਰੋਗਰਾਮ ਧਰਮ ਪ੍ਰਚਾਰ ਦਸਵੀਂ ਮੁਕਾਮ ਮਨਸੂਰਾਂ

22-23-24 ਫਰਵਰੀ
22-23-24 ਮਾਰਚ
21-22-23 ਅਪਰੈਲ
20-21-22 ਮਈ— ਇਹਨਾਂ ਦਿਹਾੜਿਆਂ ਤੇ ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਤੇ ਬੜੇ ਭਾਰੀ ਦੀਵਾਨ ਸਜੇ ਤੇ ਅਖੰਡ ਪਾਠ ਕਰਵਾਏ ਗਏ । ਗੁਰੂ ਕਾ ਲੰਗਰ ਅਤੁਟ ਵਰਤਿਆ ।

## ਪ੍ਰੋਗਰਾਮ ਅਮਾਵਸ ਦਖਨੀ ਕੀ ਸਰਾਏ

12-13-14 ਫਰਵਰੀ
13-14-15 ਮਾਰਚ
11-12-13 ਅਪ੍ਰੈਲ
11-12-13 ਮਈ — ਇਨ੍ਹਾਂ ਦਿਹਾੜਿਆਂ ਤੇ ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਤੇ ਬੜੇ ਭਾਰੀ ਦੀਵਾਨ ਸਜਾਏ ਗਏ । ਅਖੰਡ ਪਾਠ ਕਰਵਾਏ ਗਏ ਤੇ ਹਜ਼ਾਰਾਂ ਸੰਗਤਾਂ ਨੇ ਜੁੜ ਸਤਿਸੰਗ ਦਾ ਲਾਭ ਉਠਾਇਆ ।

## ਪ੍ਰੋਗਰਾਮ ਹੋਲਾ ਮਹਲਾ

28-29 ਫਰਵਰੀ—ਹੋਲਾ ਮਹਲਾ ਹਰ ਸਾਲ ਵਾਂਗ ਊਨਾ ਸਾਹਿਬ ਵਿਖੇ ਬੜੀ ਸਜ ਧੱਜ ਨਾਲ ਮਨਾਇਆ ਗਿਆ ।

## ਪ੍ਰੋਗਰਾਮ ਗੁਰਪੁਰਬ ਜਨਮ ਦਿਨ ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾ ਸਾਹਿਬ ਵਿਖੇ

23 ਮਾਰਚ — ਅਖੰਡ ਪਾਠ ਅਰੰਭ ਕੀਤੇ ।

24 ਮਾਰਚ — ਮਧ ।

25 ਮਾਰਚ—ਅਖੰਡ ਪਾਠਾਂ ਦੇ ਭੋਗ ਪਾ, ਹੋਰ ਅਖੰਡ ਪਾਠ ਆਰੰਭ ਹੋਏ । ਮਧ ਬੜਾ ਭਾਰੀ ਅਲੌਕਿਕ ਜਲੂਸ ਨਿਕਲਿਆ । ਸ੍ਰੀ ਹਜ਼ੂਰ ਬਾਬਾ ਜੀ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਦੀਆਂ ਬਖਸ਼ੀਆਂ ਹੋਈਆਂ ਪੁਸ਼ਾਕਾਂ, ਸ਼ਸ਼ਤਰ ਤੇ ਸੋਨੇ ਦੇ ਜ਼ੇਵਰ ਪਾ ਕੇ ਸਜ ਧੱਜ ਨਾਲ ਬਾਬਾ ਕਲਾਧਾਰੀ ਜੀ ਦੇ ਦਰਬਾਰ ਅਰਦਾਸਾ ਸੋਧ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਨਿਸ਼ਾਨਾਂ ਨਾਲ, ਪੰਜ

ਪਿਆਰਿਆਂ ਸਮੇਤ ਕੀਰਤਨ ਕਰਦੇ ਹੋਏ ਸਵਾਰੀ ਪਟਰੋਲ ਪੰਪ, ਜਿਥੇ ਅਸਥਾਨ 6ਵੇਂ ਅਤੇ 10ਵੇ ਪਾਤਸ਼ਾਹ ਦਾ ਹੈ, ਪੁਜ ਕੇ ਸੰਗਤਾਂ ਹਜ਼ਾਰਾਂ ਇਕਠੀਆਂ ਹੋਈਆਂ ਸਨ, ਜੈਕਾਰਿਆਂ ਦੀ ਗੂੰਜ ਹੇਠ ਅਰਦਾਸਾ ਸੋਧ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਆਪ ਦੀ ਸੱਜੀ ਹੋਈ ਸਵਾਰੀ ਤੇ ਬਰਾਜਮਾਨ ਕਰਕੇ ਗਤਕੇ, ਗਾਤਕੜੇ, ਘੋੜਾ ਨਾਚ, ਅਤੇ ਹੋਰ ਖੁਸ਼ੀਆਂ ਸੰਗਤਾਂ ਮਨਾਂਦੀਆਂ ਹੋਈਆਂ ਚਲੀਆਂ। ਪੂਰੇ 3 ਵਜੇ ਹਵਾਈ ਜਹਾਜ਼ ਨੇ ਪੁਸ਼ਪ ਬਰਖਾ ਬੜੇ ਖੁਲ੍ਹੇ ਦਿਲ ਨਾਲ ਕੀਤੀ ਤੇ ਜਲੂਸ ਉਨਾ ਸਾਹਿਬ ਦੇ ਤੰਗ ਬਜ਼ਾਰਾਂ ਵਿਚੋਂ ਹੁੰਦਾ ਹੋਇਆ ਮੁੜ ਵਾਪਸ ੨ ਵਜੇ ਦਰਬਾਰ ਬਾਬਾ ਕਲਾਧਾਰੀ ਜੀ ਤੇ ਸੁਖ-ਸਾਂਦ ਨਾਲ ਪੁਜਾ।

27 ਮਾਰਚ— 146 ਅਖੰਡ ਪਾਠਾਂ ਦੀ ਸਮਾਪਤੀ ਹੋਈ ਤੇ 5 ਅਖੰਡ ਪਾਠ ਸ਼ੁਕਰਾਨੇ ਵਜੋਂ ਰਖ 29 ਮਾਰਚ ਨੂੰ ਭੋਗ ਪਿਆ। ਹਰ ਦੋ ਵਕਤ ਦੀਵਾਨ ਸਜਦੇ ਰਹੇ। ਸਾਰੀ ਰਾਤ ਕੀਰਤਨ ਦਾ ਪ੍ਰਵਾਹ ਚਲਿਆ ਤੇ ਕਵੀ-ਦਰਬਾਰ, ਜਿਸ ਵਿਚ ਸ੍ਰੀ ਰਾਮ ਨਰਾਇਣ ਸਿੰਘ ਦਰਦੀ, ਸ੍ਰੀ ਰਾਮ ਲਾਲ ਸਿੰਘ ਸੁਖੀ, ਸ੍ਰੀ ਕਲਿਆਨ ਸਿੰਘ ਪੰਛੀ ਆਦਿ ਹੋਰ ਕਵੀ-ਜਨਾਂ ਨੇ ਭਾਗ ਲਿਆ। ਢਾਡੀ ਦਇਆ ਸਿੰਘ ਦਿਲਬਰ, ਸ੍ਰੀ ਨੰਦ ਲਾਲ ਜਸਵੰਤ ਲਾਲ, ਮੁਨਸ਼ੀ ਜਸਵੰਤ ਸਿੰਘ, ਸ. ਗਿਆਨ ਸਿੰਘ ਧੁਗੇ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ।

31 ਮਾਰਚ 1-2 ਅਪ੍ਰੈਲ —ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਦਮਦਮਾ ਸਥਾਨ ਬਾਬਾ ਸਾਹਿਬ ਸਿੰਘ ਜੀ ਨਾਭਾ ਵਿਖੇ ਬੜੀ ਧੂਮ ਧਾਮ ਨਾਲ ਦੀਵਾਨ ਸਜੇ।

3-4-5 ਅਪ੍ਰੈਲ—ਦਮਦਮਾਂ ਅਸਥਾਨ ਬਾਬਾ ਸਾਹਿਬ ਸਿੰਘ ਜੀ ਜੋਧਾਂ ਵਿਖੇ ਜਨਮ ਦਿਹਾੜਾ ਮਨਾਇਆ ਗਿਆ ਜਿਸ ਵਿਚ ਭਾਈ ਦਇਆ ਸਿੰਘ ਦਿਲਬਰ, ਭਗਤ ਨੰਦ ਲਾਲ ਜਸਵੰਤ ਲਾਲ ਰਾਗੀ ਜਨਾਂ ਭਾਗ ਲਿਆ।

5 ਅਪ੍ਰੈਲ—ਰਾਤ ਦੇ ਦੀਵਾਨ ਤੇ ਗੁਰਪੁਰਬ ਖਡੂਰ ਨਗਰ ਦਮਦਮਾ ਅਸਥਾਨ ਵਿਖੇ ਬੜਾ ਭਾਰੀ ਦੀਵਾਨ ਸਜਿਆ।

ਇਹਨਾਂ ਕੁਲ ਦੀਵਾਨਾਂ ਵਿਚ ਸ੍ਰੀ ਹਜ਼ੂਰ ਬਾਬਾ ਜੀ ਨੇ ਸੰਗਤਾਂ ਨੂੰ ਇਕੋ ਉਪਦੇਸ਼ ਬਖ਼ਸ਼ਿਸ਼ ਕੀਤੀ, ਕਿ ਪਖੰਡ ਬੇਅੰਤ ਹੈ। ਗੁਰੂ ਨਾਨਕ ਪਾਤਸ਼ਾਹ ਨਾਲੋਂ ਤੋੜਨ ਵਾਲੇ ਬੇਅੰਤ ਪੈਦਾ ਹੋ ਗਏ ਹਨ। ਆਪਾ ਧਾਪੀ ਗੁਰੂ ਨਾਨਕ ਬਣ ਬੈਠੇ ਹਨ। ਬਚੋ ਇਹਨਾਂ ਠੱਗਾਂ ਤੋਂ ਤੇ ਸੱਚ ਦਾ ਉਪਦੇਸ਼, ਜੋ ਗੁਰਬਾਣੀ ਦੁਆਰਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਹੁੰਦਾ ਹੈ ਤੇ ਅਸਥਾਨਕ ਤੌਰ ਤੇ ਆਪਦੀ ਸੰਪ੍ਰਦਾਇ ਧਾਰਨ ਕਰ ਰਹੇ ਹਨ, ਗਹੁ ਨਾਲ ਸੁਣੋ ਤੇ ਅਮਲ ਕਰੋ। ਗੁਰਸਿਖੋ ! ਗੁਰਸਿਖ ਬਣ, ਗੁਰੂ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੋ। ਇਹੋ ਇਕ ਕੁੰਜੀ ਸਾਰੇ ਸੁਖਾਂ ਦੀ ਹੈ।

**ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ**
**ਦਮਦਮਾ ਅਸਥਾਨ, ਦਖਨੀ ਕੀ ਸਰਾਏ**
**ਜ਼ਿਲਾ ਜਲੰਧਰ।**

# ਧਾਰਮਕ ਦੀਵਾਨ ਅਮਾਵਸ ਦਾ

ਦਖਨੀ ਕੀ ਸਰਾਏ ਬੜਾ ਵਡਾ ਕਿਲ੍ਹਾ ਲੋਧੀ ਬਾਦਸ਼ਾਹਾਂ ਦੇ ਵਕਤ ਦਾ ਬਣਿਆ ਹੋਇਆ ਹੈ। ਸਿਖ ਰਾਜ ਸਮੇਂ ਇਹ ਕਿਲ੍ਹਾ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਕਬਜ਼ੇ ਵਿਚ ਰਿਹਾ ਹੈ। ਸਿਖਾਂ ਦੀ ਪਹਿਲੀ ਜੰਗ 1846 ਤੋਂ ਪਿਛੋਂ ਬਾਬਾ ਬਿਕ੍ਰਮਾ ਸਿੰਘ ਬੇਦੀ ਆਪ ਦੇ ਸਪੁਤਰ ਗੱਦੀ ਨਸ਼ੀਨ ਨੂੰ ਇਸੇ ਕਿਲ੍ਹੇ ਵਿਚ ਨਜ਼ਰ-ਬੰਦ ਰਖਿਆ ਗਿਆ ਸੀ। ਇਸ ਕਿਲ੍ਹੇ ਦੇ ਪਾਸ ਹੀ ਇਕ 60 × 40 ਫੁਟ ਦਾ ਫਰਸ਼ ਲਗਿਆ ਹੋਇਆ ਸੀ ਤੇ ਇਕ ਉਚਾ ਥੜ੍ਹਾ ਜਿਸ ਉਪਰ ਤਖਤ ਬਣਿਆ ਹੋਇਆ ਸੀ, ਇਸ ਪਵਿਤ੍ਰ ਅਸਥਾਨ ਤੇ ਬਾਬਾ ਸਾਹਿਬ ਸਿੰਘ ਜੀ,

ਬਾਬਾ ਬਿਕ੍ਰਮਾ ਸਿੰਘ ਜੀ ਨਾਮ ਜਪਦੇ ਸਨ ਤੇ ਸੰਗਤਾਂ ਨੂੰ ਇਕਠਿਆਂ ਕਰ ਨਾਮ ਜਪਾਉਂਦੇ ਸਨ।

"ਜਨ ਨਾਨਕ ਧੂੜ ਮੰਗੇ ਤਿਸ ਗੁਰਸਿਖ ਕੀ, ਜੋ ਆਪ ਜਪੈ ਅਵਰਾ ਨਾਮੁ ਜਪਾਵੈ।"

ਇਹੀ ਕਾਰਨ ਸੀ ਜੋ ਇਹ ਅਸਥਾਨ ਅਜ ਮੁੜ 130-140 ਸਾਲਾਂ ਬਾਦ ਜਾਗਰਤਾ ਵਿਚ ਆਇਆ ਤੇ ਸਤਿਗੁਰੂ ਦੀ ਰਹਿਮਤ ਨਾਲ "ਰਹਿਮ ਤੇਰੀ ਸੁਖ ਪਾਇਆ।" ਤੇ ਸੰਗਤ ਦੇ ਪ੍ਰਤਾਪ ਨਾਲ, ਵਡਾ ਹਾਲ ਬਣ ਚੁਕਾ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਬਾਬਾ ਸਾਹਿਬ ਸਿੰਘ ਜੀ ਦੇ ਸਿਮਰਨ, ਨਾਮ, ਬਾਣੀ, ਦਾ ਪ੍ਰਤਾਪ ਜੋ ਅਜ ਆਪ ਦੇ ਬਚਨ ਫਲ ਰਹੇ ਹਨ, ਜਿਥੇ ਅਸਥਾਨ ਕਾਇਮ ਹੋਇਆ, ਇਸ ਦੇ ਨਾਲ ਪਾਤਸ਼ਾਹਾਂ ਦਾ ਖੂਹ ਵੀ ਦਬਿਆ ਹੋਇਆ ਮਿਲ ਗਿਆ, ਜਿਸ ਨੂੰ ਵਰ ਪ੍ਰਾਪਤ ਸੀ ਕਿ 7 ਮਸਿਆ ਇਸ਼ਨਾਨ ਕਰਨ ਵਾਲੇ ਤੇ ਰਬੀ ਰਹਿਮਤਾਂ ਹੋਣਗੀਆਂ। ਹਰ ਮਸਿਆ ਮੇਲਾ, ਤੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਤੇ ਅੰਮ੍ਰਿਤ ਮਈ ਬਾਣੀ ਦੇ ਅਖੰਡ ਪਾਠ ਹੋਣ ਲਗ ਪਏ। ਰਾਗੀ, ਢਾਡੀ ਪ੍ਰਚਾਰਕ, ਸੰਗਤਾਂ ਨੂੰ ਗੁਰ-ਚਰਨਾਂ ਵਲ ਪ੍ਰੇਰਨ ਲਗ ਪਏ। ਬਾਬਾ ਮਧੂਸੂਦਨ ਸਿੰਘ ਜੀ ਆਪ ਦੇ ਮੌਕੇ ਦੇ ਗਦੀ ਨਸ਼ੀਨ ਹਰ ਮਸਿਆ ਪੁਜ, ਜਿਥੇ ਸੰਗਤਾਂ ਦੇ ਦਰਸ਼ਨ ਕਰਦੇ ਹਨ, ਨਾਲ ਸੰਗਤਾਂ ਨੂੰ ਪ੍ਰੇਰ ਕੇ ਗੁਰੂ ਨਾਨਕ ਦੇ ਬਣਾਉਂਦੇ ਹਨ। ਖੁਸ਼ੀ ਹੋਈ ਜੋ ਇਸ ਮਹੀਨੇ 11 ਜੂਨ ਨੂੰ ਦਸਵੀਂ ਵਾਲੇ ਇਕੱਠ ਵਿਚ ਸਾਡੀ ਹਕੂਮਤ ਦੇ ਵਜ਼ੀਰ, ਕੈਪਟਨ ਰਤਨ ਸਿੰਘ ਜੀ, ਤੇ ਸ. ਅਮਰਾਓ ਸਿੰਘ ਜੀ ਅਤੇ ਹੋਰ ਕਰਮਚਾਰੀਆਂ ਯਾਤਰਾ ਕੀਤੀ ਤੇ ਸੰਗਤਾਂ ਨੂੰ ਪ੍ਰੇਰਿਆ ਕਿ ਇਕੋ ਰਸਤਾ ਸਚਾ ਤੇ ਸੁਚਾ ਗੁਰੂ ਨਾਨਕ ਪਾਤਸ਼ਾਹ ਵਾਲਾ ਹੈ ਜੋ ਊਚ ਨੀਚ ਦਾ ਵਿਤਕਰਾ ਨਹੀਂ ਰਹਿਣ ਦੇਂਦਾ! ਰਾਜਾ ਤੇ ਰੰਕ, ਅਮੀਰ ਤੇ ਗਰੀਬ, ਊਚ ਨੀਚ ਇਕੋ ਜਗ੍ਹਾ ਬੈਠ, ਆਪ ਮਨ ਦੇ ਮਾਨ ਅਪਮਾਨ ਨੂੰ ਭੁਲਾ ਇਕੋ ਜਗ੍ਹਾ ਬੈਠ ਖਾਂਦੇ ਹਨ। ਬਾਬਾ ਮਧੂਸੂਦਨ ਸਿੰਘ ਜੀ ਨੇ ਜਿਥੇ ਆਏ ਸਜਣਾਂ ਦਾ ਸਤਿਕਾਰ ਕੀਤਾ ਤੇ ਵਜ਼ੀਰ ਸਜਨਾਂ ਨੂੰ ਸ੍ਰੋਪਾ ਬਖ਼ਸ਼ੇ ਤੇ ਫੁਰਮਾਇਆ ਗੁਰੂ ਨਾਨਕ ਪਾਤਸ਼ਾਹ ਦਾ ਦਰਸਾਇਆ ਹੋਇਆ ਰਸਤਾ ਜੇਕਰ ਹਕੂਮਤ ਅਪਨਾ ਲਵੇ, ਤਾਂ ਗਰੀਬੀ ਆਪੇ ਹਟ ਜਾਂਦੀ ਹੈ। ਮਨ ਦੀਆਂ ਚੰਚਲਤਾਈਆਂ ਖ਼ਤਮ ਹੋ ਜਾਂਦੀਆਂ ਹਨ, ਮਨ ਨੀਵਾਂ ਹੋ ਜਾਂਦਾ ਹੈ:

"ਮਨ ਜੀਤੈ ਜਗ ਜੀਤ"

ਮਨ ਜਿਤ ਲੈਂਦਾ ਹੈ ਬਾਬਾ ਨਾਨਕ ਤੇ ਇਕੋ ਰਸਤਾ ਹਰੀ ਵਾਲਾ ਦਰਸਾਂਦਾ ਹੈ, ਜਿਥੋਂ ਸੰਤੋਖ ਮਿਲਦਾ ਹੈ ਤੇ ਬੰਦਾ ਬੋਲ ਉਠਦਾ ਹੈ:

"ਮੇਰਾ ਮੁਝ ਮੈਂ ਕੁਛ ਨਹੀਂ ਜੋ ਕੁਛ ਹੈ ਸੋ ਤੇਰਾ—ਤੇਰਾ ਤੁਝ ਕੋ ਸੌਂਪਤੇ ਕਿਆ ਲਾਗੇ ਮੇਰਾ"

ਇਹ ਅਵਸਥਾ ਆਉਣ ਨਾਲ ਉਸ ਨੂੰ ਸੂਝ ਹੋ ਜਾਂਦੀ ਹੈ:

ਖਾਵੇ ਖਰਚੇ ਰਲ ਮਿਲ ਭਾਈ,<br>
ਤੋਟ ਨਾ ਆਵੈ ਵਧਦੋ ਜਾਈ॥

ਬਸ ਫੇਰ ਗਰੀਬੀ ਕਿਥੇ, ਗਰੀਬੀ ਦਾ ਹੱਲ ਸੰਤੋਖ ਹੈ, ਤੇ ਸੰਤੋਖ ਗੁਰੂ ਨਾਨਕ ਸ਼ਾਹੀ ਧਰਮ ਤੋਂ ਪ੍ਰਾਪਤ ਹੋਣਾ ਹੈ, ਆਉ ਅਪਣਾ ਲਉ ਤੇ ਗੁਰੂ ਘਰ ਦੀਆਂ, ਹਰੀ ਦੀਆਂ ਤੇ ਦੁਨੀਆਂ ਦੀਆਂ ਖੁਸ਼ੀਆਂ ਪਾ ਲਓ—

"ਲੋਕ ਸੁਖੀ ਪ੍ਰਲੋਕ ਸੁਹੇਲੇ"

ਸੰਗਤਾਂ ਬੇਅੰਤ ਇਕੱਠੀਆਂ ਸਨ "ਬੋਲੇ ਸੋ ਨਿਹਾਲ" ਦੇ ਜੈਕਾਰੇ ਗੂੰਜ ਉਠੇ ਤੇ ਅਰਦਾਸੇ ਤੋਂ ਉਪਰੰਤ ਗੁਰੂ ਦਾ ਹੁਕਮ ਮਿਲਿਆ—

"ਗੁਰ ਸਿਖ ਮੀਤ ਚਲੋ ਗੁਰ ਚਾਲੀ<br>
ਜੋ ਗੁਰ ਕਹੈ ਸੋਈ ਭਲ ਮਾਨੋ ਹਰ ਹਰ ਕਥਾ ਨਿਰਾਲੀ।"

ਮੇਹਰ ਲਾਈ ਸਤਿਗੁਰੂ ਨੇ ਤੇ ਸੰਗਤਾਂ ਨਿਹਾਲ ਹੋ ਗਈਆਂ।

# ਚੋਜੀ ਨਾਨਕ


[ਗਿਆਨੀ ਦਇਆ ਸਿੰਘ ਦਿਲਬਰ]

ਸੰਮਤ ਪੰਦਰਾਂ ਸੌ ਛੱਬੀ ਤੇ ਮਾਹ ਕੱਤਕ, ਰੱਬ ਧਾਰਕੇ ਜਾਮਾ ਇਨਸਾਨ ਆਇਆ।
ਰਾਇ ਭੋਇ ਦੀ ਤਲਵੰਡੀ ਵਿਚ ਜਨਮ ਲੈ ਕੇ, ਦਰਸ਼ਨ ਜਗ ਨੂੰ ਦੇਣ ਭਗਵਾਨ ਆਇਆ।
ਮਾਤਾ ਤ੍ਰਿਪਤਾ ਦੀ ਕੁਖ ਨੂੰ ਭਾਗ ਲੱਗਾ, ਜੀਹਦੀ ਗੋਦ ਵਿਚ ਗੁਰੂ ਮਹਾਨ ਆਇਆ।
ਲਾਲ ਕਾਲੂ ਚੰਦ ਦਾ ਵੀਰ ਨਾਨਕੀ ਦਾ, ਸਾਰੇ ਜਗ ਦੀ ਕਰਨ ਕਲਿਆਨ ਆਇਆ।
ਤਾਰੇ ਛੁਪੇ ਤੇ ਬੱਦਲ ਅਲੋਪ ਹੋ ਗਏ, ਨਿਕਲ ਸੱਚ ਦਾ ਅੰਬਰੋਂ ਭਾਨ ਆਇਆ।
ਆਈ ਵਾਜ ਨਨਕਾਣੇ ਦੀ ਜੂਹ ਵਿਚੋਂ, ਨਾਨਕ ਦੂਈ ਦਾ ਭਰਮ ਮਿਟਾਣ ਆਇਆ।
ਪੜ੍ਹਨ ਲਈ ਜਾਂ ਘਲਿਆ ਕੋਲ ਪਾਂਧੇ, ਉਹਨੂੰ ਦੇ ਕੋਈ ਨਵਾਂ ਗਿਆਨ ਆਇਆ।
ਫਸਿਆ ਮੌਲਵੀ ਅਲਫ ਤੇ ਬੇ ਵਿਚ ਸੀ, ਉਹਨੂੰ ਅੱਲਾ ਦੀ ਦਸ ਪਛਾਣ ਆਇਆ।
ਉਹਦੇ ਸਾਹਮਣੇ ਕਿਸੇ ਵਿਦਵਾਨ ਨੂੰ ਵੀ, ਨਾ ਪੁਰਾਨ ਆਇਆ ਨਾ ਕੁਰਾਨ ਆਇਆ।
ਕਾਲੂ ਆਖਿਆ ਮਾਰ ਕੇ ਹੱਥ ਮੱਥੇ, ਇਹ ਕੋਈ ਨਵੇਂ ਹੀ ਚੰਦ ਚੜ੍ਹਾਣ ਆਇਆ।
ਨਾ ਇਹ ਪੜ੍ਹਨ ਆਇਆ ਨਾ ਪੜ੍ਹਾਣ ਆਇਆ, ਨਾ ਇਹ ਖਾਣ ਤੇ ਨਾ ਹੰਢਾਣ ਆਇਆ।
ਭੋਲਾ ਗੁਝੀਆਂ ਰਮਜ਼ਾਂ ਨੂੰ ਕੀ ਜਾਣੇ, ਨਾਨਕ ਦੂਈ ਦਾ ਭਰਮ ਮਿਟਾਣ ਆਇਆ।
ਪਿਤਾ ਸਮਝਿਆ ਮੁੰਡੇ ਨੂੰ ਰੋਗ ਏ ਕੋਈ, ਸੱਦ ਘਲਿਆ ਵੈਦ ਸੁਜਾਨ ਆਇਆ।
ਰੱਖੇ ਨਬਜ਼ ਉਤੇ ਪੋਟੇ ਉਂਗਲਾਂ ਦੇ, ਜਿਵੇਂ ਚਲਕੇ ਆਪ ਲੁਕਮਾਨ ਆਇਆ।
ਗੁਰਾਂ ਆਖਿਆ ਵੈਦਾ ਕੀ ਵੇਖਨਾ ਏਂ ? ਕਿਹੜੇ ਰੋਗ ਨੂੰ ਲਭਣ ਲਭਾਣ ਆਇਆ।
ਵੈਦ ਆਪਣੀ ਹੋਸ਼ ਭੁਲਾ ਬੈਠਾ, ਘਰੋਂ ਨਾਨਕ ਨੂੰ ਮਿਕਚਰ ਪਿਲਾਣ ਆਇਆ।
ਜੀਹਦੇ ਕਰਕ ਕਲੇਜੇ ਵਿਚ ਉਠਦੀ ਏ, ਇਹ ਤਾਂ ਜੱਗ ਦੇ ਰੋਗ ਹਟਾਣ ਆਇਆ।
ਇਹ ਕੋਈ ਹੋਰ ਥਰਮਾਮੀਟਰ ਦਸਦੇ ਨੇ, ਕਿ ਨਾਨਕ ਦੂਈ ਦਾ ਭਰਮ ਮਿਟਾਣ ਆਇਆ।
ਪੰਡਤ ਆਪਣਾ ਜੰਞੂ ਵੀ ਲਾਹ ਬੈਠਾ, ਗਲ ਕਾਲੂ ਦੇ ਮੁੰਡੇ ਦੇ ਪਾਣ ਆਇਆ।
ਨਾਗ ਮਸਤ ਹੋਇਆ ਵੇਖ ਮੁਖ ਨੂਰੀ, ਗਿਆ ਡੰਗਿਆ ਡੰਗ ਚਲਾਣ ਆਇਆ।
ਸੌਦਾ ਕਰਨ ਨੂੰ ਮਿਲੇ ਜਾਂ ਵੀਹ ਦਮੜੇ, ਖਰਚ ਕਰ ਗਿਆ ਨਫਾ ਕਮਾਣ ਆਇਆ।
ਗੁਸੇ ਪਿਤਾ ਹੋਇਆ ਕਿਹਾ ਨਾਨਕੀ ਨੇ, ਮੇਰਾ ਵੀਰ ਹੈ ਭੁੱਖੇ ਰਜਾਣ ਆਇਆ।
ਨਾ ਇਹ ਬਾਬਲਾ ਕਰਨ ਦੁਕਾਨ ਆਇਆ, ਨਾ ਇਹ ਮਝੀਆਂ ਤਾਈਂ ਚਰਾਣ ਆਇਆ।
ਇਹਦੇ ਚੋਜ ਨਿਆਰੇ ਨੇ ਜੱਗ ਨਾਲੋਂ, ਨਾਨਕ ਦੂਈ ਦਾ ਭਰਮ ਮਿਟਾਣ ਆਇਆ।
ਇਹਦੇ ਦੀਦ ਨੂੰ ਦਿਉਤਿਆਂ ਤਰਸਣਾ ਏਂ, ਇਹਨੇ ਪਾਪੀਆਂ ਦੇ ਬੇੜੇ ਤਾਰਨੇ ਨੇ।
ਇਹਨੇ ਠੱਗਾਂ ਨੂੰ ਸਜਣ ਬਣਾ ਦੇਣਾ, ਸੀਨੇ ਰਾਖਸ਼ਾਂ ਦੇ ਤਪਦੇ ਠਾਰਣੇ ਨੇ।
ਮਾਣ ਤੋੜਨਾ ਇਹਨੇ ਹੰਕਾਰੀਆਂ ਦਾ, ਇਹਨੇ ਪੰਜੇ ਤੇ ਪਰਬਤ ਖਲ੍ਹਾਰਨੇ ਨੇ।
ਇਹਦੇ ਚਰਨ ਛੋਹ ਕੇ ਅੱਕਾਂ ਅੰਬ ਬਣਨਾ, ਇਹਨੇ ਦੁਖੀਆਂ ਦੇ ਦੁਖ ਨਿਵਾਰਨੇ ਨੇ।
ਢਾਡੀ ਬਣ ਕੇ ਸੰਗਤਾਂ ਵਿਚ ਇਹ ਤਾਂ, 'ਦਿਲਬਰ' ਵਾਂਗ ਹੈ ਲੈਣ ਦੀਵਾਨ ਆਇਆ।
ਇਹਨੂੰ ਪੂਜਣਾ ਪੰਡਤਾਂ ਕਾਜ਼ੀਆਂ ਨੇ, ਨਾਨਕ ਦੂਈ ਦਾ ਭਰਮ ਮਿਟਾਣ ਆਇਆ।



ਸਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਸੁਆਗਤੀ ਦ੍ਰਿਸ਼ ਜਦੋਂ ਸ੍ਰੀ ਹਜ਼ੂਰ ਬਾਬਾ
ਮਧੁਸੂਦਨ ਸਿੰਘ ਜੀ ਬੇਦੀ ਯਾਤ੍ਰਾ ਲਈ ਗਏ ।

ਗੌਰਮਿੰਟ ਆਫ਼ ਇੰਡੀਆ ਰਜਿਸਟ੍ਰਾਰ ਫਾਰ ਨਿਊਜ਼ ਪੇਪਰ ਆਰ.ਐਨ. 19501/70 ਰਜਿਸਟ੍ਰਡ ਨੰ: ਪੀ. 229



ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਦੀ ਅਗਸਤ 1971 ਦੀ ਬਰਸੀ (ਅੰਮ੍ਰਿਤਸਰ) ਸਮੇਂ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰ ਲੰਗਰ ਛਕ ਰਹੇ ਹਨ।
ਇਸ ਸਾਲ ਬਰਸੀ 15 ਤੋਂ 20 ਅਗਸਤ 1972 ਤਕ ਮਨਾਈ ਜਾ ਰਹੀ ਹੈ।



ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲਿਆਂ ਦਾ ਪਿੰਡ ਖੜੂਰ (ਲੁਧਿਆਣਾ) ਜੋ ਬਾਬਾ ਜੀ ਅਤੇ ਸੰਗਤਾਂ ਨੇ ਹੁਣ ਤਿਆਰ ਕਰਵਾਇਆ, ਜਿਥੇ ਹਰ ਇਕਾਦਸੀ ਨੂੰ ਦੀਵਾਨ ਸਜਦਾ ਹੈ।